

# ਸਿੱਖ ਹੀ ਸਿੱਖੀ ਦੇ ਦੁਸ਼ਮਨ ਭਾਗ-2

ਦਾਸ ਨੇਂ ਇਸ ਚੈਪਟਰ (ਸਿੱਖ ਹੀ ਸਿੱਖੀ ਦੇ ਦੁਸ਼ਮਨ) ਦੇ ਪਹਿਲੇ ਭਾਗ ਵਿੱਚ ਪਾਠਕਾਂ ਦੇ ਸਨਮੁਖ ਬੇਨਤੀ ਵਜੋਂ ਇਹ ਲਿਖਿਆ ਸੀ ਕਿ ਸਾਡੀ ਕੌਮ ਨੂੰ ਕੋਈ ਵੀ ਖਤਰਾ ਨਹੀਂ ਹੈ ਜੇਕਰ ਸਾਡੇ ਆਪਣੇਂ ਹੀ ਵੀਰ ਆਪਣੀਂ ਕੌਮ ਦੇ ਪ੍ਰਤੀ ਵਫਾਦਾਰ ਹੋ ਜਾਣ ਤਾਂ। ਅੱਜ ਦਾ ਬਹੁਤ ਵੱਡਾ ਇਹ ਦੁਖਾਂਤ ਹੈ, ਕਿ ਜਿਹੜ੍ਹੇ ਪਹਿਰੇਦਾਰ ਨੇਂ ਉਹ ਹੀ ਚੋਰਾਂ ਦੇ ਯਾਰ ਬਣ ਬੈਠੇ ਹਨ, ਭਾਈ ਗੁਰਦਾਸ ਜੀ ਦੇ ਇਹ ਬਚਨ ਸਾਨੂੰ ਕਿੰਨੀਆਂ ਠਾਹ-ਠਾਹ ਚਪੇੜ੍ਹਾਂ ਮਾਰਦੇ ਨੇਂ

ਜੇ ਮਾਉ ਪੁਤੈ ਵਿਸੁ ਦੇ ਤਿਸਤੇ ਕਿਸੁ ਪਿਆਰਾ॥
ਜੇ ਘਰੁ ਭੰਨੈ ਪਾਹਰੂ ਕਉਣੁ ਰਖਣਹਾਰਾ॥
ਬੇੜੀ ਡੋਬੈ ਪਾਤਣੀ ਕਿਉ ਪਾਰ ਉਤਾਰਾ॥
ਆਗੂ ਲੈ ਉਜੜ੍ਹ ਪਵੈ ਕਿਸੁ ਕਰੈ ਪੁਕਾਰਾ॥
ਜੇ ਕਰਿ ਖੇਤੀ ਖਾਇ ਵਾੜਿ ਕੋ ਲਹੈ ਨਾਂ ਸਾਰਾ॥
ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ॥

ਅਰਥ-ਜੇਕਰ ਮਾਂ ਹੀ ਪੁੱਤ ਨੂੰ ਜਹਿਰ ਦੇਕੇ ਮਾਰਨਾਂ ਚਾਹੇ ਤਾਂ ਉਸਨੂੰ ਦੂਸਰਾ ਕੋਈ ਕਿਵੇਂ ਬਚਾ ਸਕਦਾ ਹੈ, ਕਿਉਂਕਿ ਮਾਂ ਤੋਂ ਵੱਧ ਔਲਾਦ ਕਿਸਨੂੰ ਪਿਆਰੀ ਹੁੰਦੀ ਹੈ।

ਜੇਕਰ ਰਾਖਾ ਹੀ ਘਰ ਭੰਨਣ ਲੱਗ ਜਾਵੇ ਤਾਂ ਉਸ ਘਰ ਨੂੰ ਦੂਸਰਾ ਕੋਈ ਕਿਵੇ ਬਚਾ ਸਕਦਾ ਹੈ, ਭਾਵ ਕੋਈ ਵੀ ਨਹੀ ਬਚਾ ਸਕਦਾ।

ਜੇਕਰ ਮਲਾਹ ਹੀ ਬੇੜ੍ਹੀ ਨੂੰ ਡੋਬਣ ਤੇ ਆ ਜਾਵੇ ਤਾਂ ਕਿਵੇਂ ਪਾਰ ਜਾਇਆ ਜਾ ਸਕਦਾ ਹੈ।

ਜੇਕਰ ਆਗੂ ਭਾਵ ਰਾਹ ਦੱਸਣ ਵਾਲਾ ਹੀ ਕਾਫਲੇ ਨੂੰ ਉਜਾੜ੍ਹ ਦੇ ਰਾਹ ਪਾ ਦੇਵੇ ਭਾਵ ਕਿ ਮਾੜ੍ਹੇ ਰਸਤੇ ਪਾ ਦੇਵੇ, ਤਾਂ ਫਿਰ ਕਿਸ ਦੇ ਅੱਗੇ ਹਾਲ ਪਾਹਰਿਆ ਮਚਾਈ ਜਾਵੇ। ਭਾਵ ਕਿਸਨੂੰ ਆਪਣਾਂ ਰੋਣਾਂ ਰੋਈਏ।

ਜੇਕਰ ਵਾੜ੍ਹ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਉਸਦੀ ਕੋਈ ਦੂਸਰਾ ਕੋਈ ਖਬਰ ਨਹੀਂ ਲੈ ਸਕਦਾ ਭਾਵ ਕਿ ਨਹੀਂ ਬਚਾ ਸਕਦਾ।

ਜੇਕਰ ਗੁਰੂ ਹੀ ਸਿੱਖ ਨੂੰ ਸਾਂਗ ਬਦਲਕੇ ਭਰਮਾਉਣਾਂ ਚਾਹੇ ਤਾਂ ਫਿਰ ਸਿੱਖ ਵਿਚਾਰਾ ਕੀ ਕਰ ਸਕਦਾ ਹੈ। ਭਾਵ ਗੁਰੂ ਹੀ ਪੁਠੇ ਰਸਤੇ ਪਾ ਦਵੇ ਤਾਂ ਸਿੱਖ ਦਾ (ਉਸਨੂੰ ਮੰਨਣ ਵਾਲੇ ਦਾ) ਕੀ ਬਚਾ ਹੋ ਸਕਦਾ ਹੈ।
ਕੁਝ ਸਾਡੇ ਨਾਲ ਵੀ ਐਸਾ ਹੀ ਹੋ ਰਿਹਾ ਹੈ, ਸਾਡੇ ਚਾਰੇ ਪਾਸੇ ਸਿੱਖ ਵਿਰੋਧੀ ਤਾਕਤਾਂ ਆਪਣੇਂ ਮੂੰ ਅੱਡੀ ਬੈਠੀਆਂ ਹਨ, ਜੋ ਦਿਨ ਰਾਤ ਸਿੱਖਾਂ ਨੂੰ ਗੁਰੂ ਨਾਨਕ ਸਾਹਿਬ ਦੀ ਸੋਚ ਤੋਂ ਦੂਰ ਲਿਜਾ ਕੇ ਸਾਡਾ ਘਾਣ ਕਰ ਰਹੀਆਂ ਹਨ। ਪਰ ਸਾਨੂੰ ਇਹ ਮਹਿਸੂਸ ਹੀ ਨਹੀ ਹੋ ਰਿਹਾ। ਸਾਡੀ ਹਾਲਤ ਉਸ ਨਸ਼ਈ ਵਰਗੀ ਹੋ ਗਈ ਹੈ, ਜਿਹੜ੍ਹਾ ਸ਼ਰਾਬ ਦੀ ਬੋਤਲ ਨੂੰ ਮੂੰਹ ਲਾਕੇ ਡਕਾਰ ਰਿਹਾ ਹੈ, ਤੇ ਉਸਨੂੰ ਪਤਾ ਵੀ ਹੈ ਕਿ ਜਿਹੜ੍ਹੀ ਸ਼ਰਾਬ ਦੀ ਬੋਤਲ ਮੈ ਮੂੰਹ ਨੂੰ ਲਾਈ ਹੈ ਉਸਦੇ ਬਾਹਰ ਇਹ ਲੇਬਲ ਵੀ ਲੱਗਾ ਹੈ ਕਿ ਸ਼ਰਾਬ ਸਿਹਤ ਲਈ ਹਾਨੀਕਾਰਕ ਹੈ। ਉਹ ਇਸ ਬਾਰੇ ਜਾਣਦਾ ਵੀ ਹੈ ਪਰ ਫਿਰ ਵੀ ਨਿਝੱਕ ਹੋਕੇ ਪੀ ਰਿਹਾ ਹੈ, ਤੰਬਾਕੂ ਖਾਂਦਾ ਹੈ ਤਾਂ ਵੀ ਉਸਨੂੰ ਪਤਾ ਹੈ ਕਿ ਇਸ ਦੇ ਬਾਹਰ ਲਿਖਿਆ ਹੈ ਕਿ ਤੰਬਾਕੂ ਪੀਣ ਦੇ ਨਾਲ ਕੈਂਸਰ ਹੁੰਦਾ ਹੈ ਪਰ ਇਹ ਸਭ ਕੁੱਝ ਜਾਂਣਦਾ ਹੋਇਆ ਵੀ ਉਹ ਤੰਬਾਕੂ ਖਾ ਰਿਹਾ ਹੈ ਤੇ ਸਿਗਰਟ ਰਾਹੀਂ ਪੀ ਰਿਹਾ ਹੈ।
ਬਸ ਸਾਡੀ ਹਾਲਤ ਵੀ ਕੁੱਝ ਐਸੀ ਹੀ ਹੈ, ਜਿਹੜ੍ਹੇ ਕੰਮ ਅਸੀਂ ਕਰ ਰਹੇ ਆਂ, ਸਾਨੂੰ ਪਤਾ ਹੈ ਕਿ ਇਹ ਗੁਰੂ ਦੀ ਸੋਚ ਦੇ ਉਲਟ ਹਨ ਤੇ ਇਹਨਾਂ ਦਾ ਅੰਜਾਮ ਵੀ ਮਾੜ੍ਹਾ ਹੈ ਪਰ ਫਿਰ ਵੀ ਅਸੀ ਕਰੀ ਹੀ ਜਾ ਰਹੇ ਆਂ। ਬਿਪਰਨ ਦੀਆਂ ਰੀਤਾਂ ਤੋਂ ਦੂਰ ਰਹਿਨ ਦੀ ਪ੍ਰੇਰਨਾਂ ਸਾਨੂੰ ਗੁਰੂਬਾਣੀ ਦੀ ਰਾਹੀ ਲਗਾਤਾਰ ਮਿਲ ਰਹੀ ਹੈ ਪਰ ਸਾਨੂੰ ਫਿਰ ਵੀ ਸਮਝ ਨਹੀਂ ਆ ਰਹੀ ਹੈ। ਗੁਰੂ ਦੀ ਗੱਲ ਸੁਣਕੇ ਵੀ ਸਾਨੂੰ ਗੁਰੂ ਦੀਆਂ ਗੱਲਾਂ ਤੇ ਵਿਸ਼ਵਾਸ਼ ਨਹੀਂ ਹੋ ਰਿਹਾ, ਮੈਂ ਤਾਂ ਇਹ ਕਹਾਂਗਾ ਕਿ ਸਾਡੀ ਬਦਕਿਸਮਤੀ ਹੀ ਹੈ ਜੋ ਅਸੀ ਅਜੇ ਤੱਕ ਬਾਬੇ ਨਾਨਕ ਸਾਹਿਬ ਜੀ ਦੀ ਸੋਚ ਨੂੰ ਸੱਚੇ ਦਿਲੋਂ ਸਲਾਮ ਨਹੀਂ ਕਰ ਸਕੇ।
ਦਿਨਾਂ ਵਾਰਾਂ ਦੇ ਭਰਮਾਂ ਭੁਲੇਖਿਆਂ ਵਿੱਚ ਜੋਤਸ਼ੀਆਂ ਪੰਡਿਤਾਂ ਦੇ ਚੱਕਰਾਂ ਵਿੱਚ ਸਾਡੀ ਸਾਰੀ ਕੌਮ ਗਰਕ ਹੁੰਦੀ ਜਾ ਰਹੀ ਹੈ। ਜੋ ਕਰਮਕਾਂਡਾਂ ਦਾ ਵਿਰੋਧ ਗੁਰਬਾਣੀਂ ਪਈ ਕਰਦੀ ਹੈ, ਉਹ ਸਾਰੇ ਕਰਮਕਾਂਡ ਅੱਜ ਗੁਰਦੁਆਰਿਆਂ ਦਾ ਇੱਕ ਅਨਿਖੜ੍ਹਵਾਂ ਅੰਗ ਬਣ ਚੁੱਕੇ ਹਨ। ਸੰਗਤਾਂ ਨੂੰ ਇਹ ਭਰਮ ਦਿੱਤਾ ਜਾ ਰਿਹਾ ਕਿ ਜੇਕਰ ਤੁਸੀਂ ਇਹ ਕੰਮ ਨਾਂ ਕਰੋਗੇ ਤਾਂ ਤੁਹਾਡਾ ਲੋਕ ਪ੍ਰਲੋਕ ਨਹੀਂ ਸਵਰ ਸਕਦਾ। ਦਾਸ ਜਲੰਧਰ ਦਾ ਰਹਿਣ ਵਾਲਾ ਹੈ, ਜਿਥੋਂ ਕੁੱਝ ਕੁ ਦੂਰੀ ਤੇ ਇੱਕ ਪਿੰਡ ਹੈ ਜਿਸਦਾ ਨਾਮ ਹੈ ਤੱਲਣ੍ਹ। ਇਸ ਪਿੰਡ ਦੇ ਬਾਹਰਵਾਰ ਇੱਕ ਬੜ੍ਹਾ ਆਲੀਸ਼ਾਨ ਗੁਰਦੁਆਰਾ ਸਥਿਤ ਹੈ ਜਿਸ ਦੇ ਪ੍ਰਥਾਏ ਇਸ ਇਲਾਕੇ ਦੇ ਲੋਕਾਂ ਦੀ ਬੜ੍ਹੀ ਪ੍ਰਬਲ ਸ਼ਰਧਾ ਹੈ। ਗੁਰਦੁਆਰੇ ਦਾ ਨਾਮ ਗੁਰਦੁਆਰਾ ਸ਼ਹੀਦਾਂ ਹੈ ਜੋ (ਸੰਤ) ਬਾਬਾ ਨਿਹਾਲ ਸਿੰਘ ਜੀ ਤੇ (ਸੰਤ) ਬਾਬਾ ਹਰਨਾਮ ਸਿੰਘ ਜੀ ਦੇ ਨਾਮ ਨਾਲ ਮਸ਼ਹੂਰ ਹੈ।

ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰੇ ਦੇ ਇਤਿਹਾਸ ਦੇ ਸੰਬੰਧ ਵਿੱਚ ਇੱਕ ਪੁਸਤਕ ਵੀ ਪ੍ਰਕਾਸ਼ਤ ਕੀਤੀ ਗਈ ਹੈ। ਜਿਸ ਪੁਸਤਕ ਵਿੱਚੋਂ ਕੁੱਝ ਤੱਥ ਮੈਂ ਆਪ ਜੀ ਦੇ ਨਾਲ ਸਾਂਝੇ ਕਰਾਂਗਾ। ਪੁਸਤਕ ਦਾ ਨਾਮ ਹੈ ਸ਼ਹੀਦੀ ਨੂਰ। ਪੁਸਤਕ ਦਾ ਕਰਤਾ ਹੈ ਗਿਆਨੀ ਟਹਿਲ ਸਿੰਘ ਗੁਰਮੁਖ। ਪੁਸਤਕ ਦਾ ਕਰਤਾ ਇਸ ਅਸਥਾਂਨ ਦੇ ਕਰਤਾ ਬਾਬਾ ਨਿਹਾਲ ਸਿੰਘ ਬਾਰੇ ਲਿਖਦਿਆਂ ਉਹਨਾਂ ਨੂੰ ਪਵਿੱਤਰ ਹਸਤੀ ਤੇ ਨਾਲ ਹੀ ਜਗਤ ਗੁਰੂ ਵੀ ਕਹਿੰਦਾ ਹੈ। ਜੋ ਕਿ ਇਸ ਅਖੌਤੀ ਲਿਖਾਰੀ ਦੀ ਬਹੁਤ ਵੱਡੀ ਗਲਤੀ ਹੈ। ਜਗਤ ਗੁਰੂ ਇੱਕ ਪਾਸੇ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਕਹਿੰਦੇ ਹਾਂ, ਤੇ ਦੂਜੇ ਪਾਸੇ ਅਸੀਂ ਆਪੂੰ ਬਣੇਂ ਸਾਧਾਂ ਸੰਤਾਂ ਨੂੰ ਵੀ ਜਗਤ ਗੁਰੂ ਕਹਿ ਰਹੇ ਹਾਂ ਕੀ ਕਿਤੇ ਇਹ ਕੋਈ ਬਹੁਤ ਵੱਡੀ ਸ਼ਾਜਿਸ਼ ਤਾਂ ਨਹੀਂ ਸਾਡੇ ਨਾਲ ਖੇਡੀ ਜਾ ਰਹੀ ਜਿਸਦਾ ਸਾਨੂੰ ਕੁੱਝ ਵੀ ਪਤਾ ਨਹੀਂ ਲੱਗ ਰਿਹਾ। ਸਿੱਖਾਂ ਦੇ ਗੁਰੂ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ ਹੋਰ ਕੋਈ ਸਾਧ ਸੰਤ ਨਹੀਂ। ਅੱਜ ਕੱਲ ਪਾਠਕ ਆਮ ਦੇਖ ਸਕਦੇ ਹਨ ਕਿ ਸਾਧਾਂ ਬਾਬਿਆਂ ਨੇਂ ਆਪਣੇਂ ਨਾਮ ਦੇ ਨਾਲ ਮਹਾਰਾਜ ਸ਼ਬਦ ਵੀ ਲਗਾਉਂਣਾਂ ਸ਼ੁਰੂ ਕਰ ਦਿੱਤਾ ਹੈ। ਜੋ ਕਿ ਸਰਾਸਰ ਗੁਰਮਤਿ ਦੇ ਵਿਰੁਧ ਹੈ। ਸੋ ਉਹ ਅਖੋਤੀ ਲੇਖਕ ਬਾਬਾ ਨਿਹਾਲ ਸਿੰਘ ਨੂੰ ਜਗਤ ਗੁਰੂ ਕਹਿ ਰਿਹਾ ਹੈ। ਫਿਰ ਅਗਾਂਹ ਲਿਖਦਾ ਹੈ ਕਿ ਬਾਬਾ ਜੀ ਦੀ ਰੁਚੀ ਗ੍ਰਿਹਸਤੀ ਜੀਵਨ ਵਿੱਚ ਨਹੀਂ ਸੀ ਉਹ ਗ੍ਰਿਹਸਤੀ ਜੀਵਨ ਨੂੰ ਮਹਿਜ ਇੱਕ ਜੰਜਾਲ ਹੀ ਸਮਝਦੇ ਸਨ। ਪੁਸਤਕ ਦੇ ਪੰਨਾਂ 21 ਤੇ ਇਹ ਲਿਖਿਆ ਹੈ ਕਿ ਗ੍ਰਹਿਸਤੀ ਜੀਵਨ ਵਿੱਚ ਆਪ ਜੋਗੇ ਜਾਂ ਬੱਚਿਆਂ ਜੋਗੇ ਹੀ ਰਹਿ ਜਾਈਦਾ ਹੈ ਪਰ ਬਾਬਾ ਜੀ ਤਾਂ ਰੱਬੀ ਰੂਹ ਦੇ ਮਾਲਕ ਸਨ। ਉਹਨਾਂ ਨੇਂ ਮਨੁਖਤਾ ਦਾ ਕੋਲਿਆਨ ਕਰਨਾਂ ਸੀ। ਇਸ ਲਈ ਉਹ ਗ੍ਰਹਿਸਤ ਦਾ ਜਾਲ ਆਪਣੇਂ ਗਲ ਵਿੱਚ ਨਹੀਂ ਸੀ ਪਾਉਣਾਂ ਚਾਹੁੰਦੇ। ਇਸ ਜੰਜਾਲ ਤੋਂ ਬਚਣ ਲਈ ਆਪ ਨੂੰ ਘਰ ਛੱਡਣਾਂ ਪੈ ਗਿਆ। , ,

ਜਦ ਕਿ ਜਦੋਂ ਬਾਬਾ ਨਿਹਾਲ ਸਿੰਘ ਜੀ ਆਪਣਾਂ ਘਰ ਬਾਰ ਛੱਡ ਰਹੇ ਹਨ, ਉਦੋਂ ਉਹਨਾਂ ਦਾ ਵਿਆਹ ਹੋ ਚੁੱਕਾ ਸੀ (ਪਰ ਜਿਵੇਂ ਕਿ ਪੁਰਾਨੇਂ ਸਮੇਂ ਦਾ ਰਿਵਾਜ ਹੁੰਦਾ ਸੀ ਵਿਆਹ ਤੋਂ ਬਾਅਦ ਮੁਕਲਾਵਾ ਲਿਆਦਾ ਜਾਂਦਾ ਸੀ, ਪਰ ਬਾਬਾ ਨਿਹਾਲ ਸਿੰਘ ਨੇਂ ਵਿਆਹ ਤਾਂ ਕਰਵਾ ਲਿਆ ਸੀ ਪਰ ਉਹ ਮੁਕਲਾਵਾ ਲੈਣ ਜਾਣ ਲਈ ਰਾਜੀ ਨਾਂ ਹੋਏ ਜਿਸ ਕਾਰਨ ਮਜਬੂਰਨ ਉਹ ਮੁਕਲਾਵਾ ਉਹਨਾਂ ਦੇ ਭਰਾ ਨੂੰ ਲਿਆਉਣਾਂ ਪਿਆ)। ਪਰ ਕੀ ਗੁਰਮਤਿ ਇਸ ਗੱਲ ਨੂੰ ਪ੍ਰਵਾਨ ਕਰਦੀ ਹੈ ਕਿ ਗ੍ਰਹਿਸਤੀ ਹੋਕੇ ਪ੍ਰਮਾਤਮਾਂ ਦੀ ਪ੍ਰਾਪਤੀ ਨਹੀਂ ਹੋ ਸਕਦੀ?

ਕੀ ਰੱਬ ਦੀ ਪ੍ਰਾਪਤੀ ਵਾਸਤੇ ਘਰ ਬਾਰ ਛੱਡਣਾਂ ਜਰੂਰੀ ਹੈ? ਕੀ ਗੁਰਬਾਣੀਂ ਅੰਦਰ ਗ੍ਰਹਿਸਤੀ ਜੀਵਨ ਨੂੰ ਜੰਜਾਲ ਮੰਨਿਆਂ ਗਿਆ ਹੈ? ਲੇਖਕ ਕਹਿੰਦਾ ਹੈ ਕਿ ਬਾਬਾ ਨਿਹਾਲ ਸਿੰਘ ਰੱਬੀ ਨੂਰ ਦੇ ਮਾਲਕ ਸਨ ਇਸ ਕਰਕੇ ਉਹ ਗ੍ਰਹਿਸਤ ਜੰਜਾਲ ਵਿੱਚ ਨਹੀਂ ਪੈਣਾਂ ਚਾਹੁੰਦੇ ਸਨ, ਮੈਂ ਇੱਕ ਸੁਆਲ ਕਰਦਾ ਹਾਂ ਲੇਖਕ ਨੂੰ ਕੀ ਗੁਰੂ ਨਾਨਕ ਸਾਹਿਬ ਜੀ ਰੱਬੀ ਨੂਰ ਦੇ ਮਾਲਕ ਨਹੀਂ ਸੀ? ਉਹਨਾਂ ਨੇਂ ਤਾਂ ਵਿਆਹ ਖੁਸ਼ੀ ਨਾਲ ਹੀ ਕਰਵਾਇਆ ਸੀ। ਕੀ ਉਹ ਵਿਆਹ ਕਰਵਾਕੇ ਜੰਜਾਲ ਵਿੱਚ ਪੈ ਗਏ ਸਨ?

ਆਓ ਪਹਿਲਾਂ ਇਸ ਗੱਲ ਦੀ ਵਿਚਾਰ ਕਰੀਏ ਕਿ ਗੁਰਬਾਣੀਂ ਦੇ ਅੰਦਰ ਗ੍ਰਹਿਸਤੀ ਜੀਵਨ ਦੇ ਪ੍ਰਥਾਏ ਕੀ ਕਿਹਾ ਗਿਆ ਹੈ। ਸਭ ਤੋਂ ਪਹਿਲਾਂ ਸੁਖਮਨੀਂ ਸਾਹਿਬ ਦੀ ਪਾਵਨ ਬਾਣੀਂ ਵਿੱਚੋਂ ਆਓ ਕੁੱਝ ਬਚਨ ਵੀਚਾਰੀਏ ਜਿਨ੍ਹਾਂ ਤੋਂ ਇਹ ਪਤਾ ਲੱਗੇਗਾ ਕਿ ਗੁਰਬਾਣੀ ਸਾਨੂੰ ਗ੍ਰਹਿਸਤ ਤੋਂ ਦੂਰ ਜਾਣ ਦੀ ਪ੍ਰੇਰਨਾਂ ਦਿੰਦੀ ਹੈ ਕਿ ਜਾਂ ਗ੍ਰਿਹਸਤ ਵਿੱਚ ਰਹਿਕੇ ਗ੍ਰਿਹਸਤ ਤੋਂ ਨਿਰਲੇਪ ਰਹਿਨ ਦੀ ਪ੍ਰੇਰਨਾਂ ਦਿੰਦੀ ਹੈ।

ਗੁਰ ਪ੍ਰਸਾਦਿ ਆਪਨ ਆਪੁ ਸੁਝੈ॥ ਤਿਸ ਕੀ ਜਾਨਹੁ ਤ੍ਰਿਸਨਾ ਬੁਝੈ॥ ਸਾਧ ਸੰਗਿ ਹਰਿ ਹਰਿ ਜਸੁ ਕਹਤ॥ ਸਰਬ ਰੋਗ ਤੇ ਓਹੁ ਹਰਿਜਨੁ ਰਹਤ॥ ਅਨਦਿਨੁ ਕੀਰਤਨੁ ਕੇਵਲ ਬਖ੍ਯ੍ਯਾਨੁ॥ ਗ੍ਰਿਹਸਤ ਮਹਿ ਸੋਈ ਨਿਰਬਾਨੁ॥ ਏਕ ਊਪਰਿ ਜਿਸੁ ਜਨ ਕੀ ਆਸਾ॥ ਤਿਸ ਕੀ ਕਟੀਐ ਜਮ ਕੀ ਫਾਸਾ॥ ਪਾਰਬ੍ਰਹਮ ਕੀ ਜਿਸੁ ਮਨਿ ਭੂਖ॥ ਨਾਨਕ ਤਿਸਹਿ ਨ ਲਾਗਹਿ ਦੂਖ॥ 4॥ {ਪੰਨਾ 281}

ਅਰਥ : —ਜਿਸ ਮਨੁੱਖ ਨੂੰ ਗੁਰੂ ਦੀ ਕਿਰਪਾ ਨਾਲ ਆਪਣਾ ਆਪ ਸੁੱਝ ਪੈਂਦਾ ਹੈ, ਇਹ ਜਾਣ ਲਵੋ ਕਿ ਉਸ ਦੀ ਤ੍ਰਿਸ਼ਨਾ ਮਿਟ ਜਾਂਦੀ ਹੈ।

ਜੋ ਰੱਬ ਦਾ ਪਿਆਰਾ ਸਤਸੰਗ ਵਿੱਚ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਕਰਦਾ ਹੈ, ਉਹ ਸਾਰੇ ਰੋਗਾਂ ਤੋਂ ਬਚ ਜਾਂਦਾ ਹੈ।

ਜੋ ਮਨੁੱਖ ਹਰ ਰੋਜ਼ ਪ੍ਰਭੂ ਦਾ ਕੀਰਤਨ ਹੀ ਉੱਚਾਰਦਾ ਹੈ, ਉਹ ਮਨੁੱਖ ਗ੍ਰਿਹਸਤ ਵਿੱਚ (ਰਹਿੰਦਾ ਹੋਇਆ) ਨਿਰਲੇਪ ਹੈ।

ਜਿਸ ਮਨੁੱਖ ਦੀ ਆਸ ਇੱਕ ਅਕਾਲ ਪੁਰਖ ਉੱਤੇ ਹੈ, ਉਸ ਦੀ ਜਮਾਂ ਵਾਲੀ ਫਾਹੀ ਕੱਟੀ ਜਾਂਦੀ ਹੈ।

ਜਿਸ ਮਨੁੱਖ ਦੇ ਮਨ ਵਿੱਚ ਪ੍ਰਭੂ (ਦੇ ਮਿਲਣ) ਦੀ ਤਾਂਘ ਹੈ, ਹੇ ਨਾਨਕ ! ਉਸ ਮਨੁੱਖ ਨੂੰ ਕੋਈ ਦੁੱਖ ਨਹੀਂ ਪੋਂਹਦਾ। 4.

ਇਸ ਪਾਵਨ ਸ਼ਬਦ ਵਿੱਚ ਤਾਂ ਸੱਚੇ ਪਾਤਸ਼ਾਹ ਗ੍ਰਹਿਸਤ ਵਿੱਚ ਰਹਿਕੇ ਪ੍ਰਭੂ ਦੀ ਆਰਾਧਨਾਂ ਕਰਨ ਦੀ ਪ੍ਰੇਰਨਾਂ ਦੇ ਰਹੇ ਨੇਂ। ਆਓ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀ ਪਾਵਨ ਚਰਨ ਸ਼ਰਨ ਵਿੱਚ ਬਹਿਕੇ ਕੁੱਝ ਹੋਰ ਬਚਨ ਵੀਚਾਰੀਏ ਤਾਂ ਕਿ ਸਾਨੂੰ ਸੱਚ ਦੀ ਸੋਝੀ ਹੋ ਜਾਵੇ।

ਰਾਜ ਮਹਿ ਰਾਜੁ ਜੋਗ ਮਹਿ ਜੋਗੀ॥ ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ॥

ਅਰਥ-ਰਾਜਿਆਂ ਵਿੱਚ ਪ੍ਰਭੂ ਆਪ ਹੀ ਰਾਜਾ ਹੈ, ਜੋਗੀਆਂ ਵਿੱਚ ਜੋਗੀ ਹੈ, ਤਪੀਆਂ ਵਿੱਚ ਆਪ ਹੀ ਵੱਡਾ ਤਪੀ ਹੈ ਤੇ ਗ੍ਰਿਹਸਤੀਆਂ ਵਿੱਚ ਭੀ ਆਪ ਹੀ ਗ੍ਰਿਹਸਤੀ ਹੈ।

ਸ਼ੱਚੇ ਪਾਤਸ਼ਾਹ ਤਾਂ ਰੱਬ ਜੀ ਨੂੰ ਵੀ ਗ੍ਰਿਹਸਤੀ ਬਿਆਨ ਕਰ ਰਹੇ ਹਨ ਕੀ ਜਿਹੜਾ ਵਾਹਿਗੁਰੂ ਸਰਗੁਣ ਸਰੂਪ ਵਿੱਚ ਸਭ ਤੋਂ ਵੱਡਾ ਗ੍ਰਿਹਸਤੀ ਹੈ ਉਸ ਮਾਲਕ ਜੀ ਦੀ ਪ੍ਰਾਪਤੀ ਲਈ ਘਰ ਬਾਰ ਛੱਡਣਾਂ ਉਸ ਵਾਹਿਗੁਰੂ ਜੀ ਦੀ ਸੋਚ ਦੇ ਉਲਟ ਹੈ ਜੇਕਰ ਵਾਹਿਗੁਰੂ ਜੀ ਦੀ ਪ੍ਰਾਪਤੀ ਕਰਨੀਂ ਹੈ ਤਾਂ ਫਿਰ ਸਾਨੂੰ ਉਸ ਵਾਹਿਗੁਰੂ ਜੀ ਦੀ ਸੋਚ ਦੇ ਉਲਟ ਨਹੀਂ ਸਗੋਂ ਫੇਵਰ ਵਿੱਚ ਚੱਲਣਾਂ ਪਵੇਗਾ। ਸਾਡਾ ਇਤਿਹਾਸ ਇਹ ਦੱਸਦਾ ਹੈ ਕਿ ਸਾਡੇ ਗੁਰੂ ਸਾਹਿਬਾਨ ਵੀ ਗ੍ਰਹਿਸਤੀ ਹੀ ਸਨ। ਕੇਵਲ ਗੁਰੂ ਹਰਕ੍ਰਿਸ਼ਨ ਜੀ ਨੂੰ ਛੱਡਕੇ ਕਿਓਂਕਿ ਉਹ ਬਾਲ ਅਵਸਥਾ ਵਿੱਚ ਹੀ ਜੋਤੀ ਜੋਤ ਸਮਾ ਗਏ ਸਨ। ਸਿੱਖ ਗੁਰੂ ਸਾਹਿਬਾਨ ਨੇਂ ਗ੍ਰਿਹਸਤ ਦਾ ਵਿਰੋਧ ਨਹੀਂ ਕੀਤਾ ਸਗੋਂ ਖੁਦ ਗ੍ਰਹਿਸਤੀ ਬਣਕੇ ਇਹ ਦੱਸਿਆ ਹੈ ਕਿ ਕਿਵੇਂ ਗ੍ਰਹਿਸਤ ਵਿੱਚ ਰਹਿਕੇ ਪ੍ਰਮਾਤਮਾਂ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਇਹ ਕੋਈ ਜਰੂਰੀ ਨਹੀਂ ਹੈ ਕਿ ਤੁਸੀਂ ਗ੍ਰਹਿਸਤੀ ਦਾ ਤਿਆਗ ਕਰੋਗੇ ਤੇ ਤਾਂ ਹੀ ਤੁਹਾਨੂੰ ਰੱਬ ਮਿਲਨਾਂ ਹੈ, ਐਸੇ ਵਾਧੂ ਦੇ ਪਾਖੰਡਾਂ ਦਾ ਸਖਤ ਵਿਰੋਧ ਕਰਦੀ ਹੈ ਗੁਰਬਾਣੀਂ। ਅਸਲ ਵਿੱਚ ਜਦੋਂ ਮਨੁਖ ਆਪਣੇਂ ਕੀਤੇ ਅਪਰਾਧਾਂ ਦੇ ਬੋਝ ਹੇਠਾਂ ਦੱਬਿਆ ਗਿਆ ਤਾਂ ਇਸ ਨੇ ਕਹਿ ਦਿੱਤਾ ਕਿ ਇਹ ਪਾਪ ਸਾਰੇ ਹੀ ਪਰਵਾਰ ਦੇ ਕਾਰਨ ਹੋਏ ਹਨ। ਇਹ ਮੰਨਣ ਨੂੰ ਮਨੁੱਖ ਤਿਆਰ ਹੀ ਨਹੀਂ ਹੋਇਆ ਕਿ ਇਹ ਪਾਪ ਮੇਰੇ ਵਾਸ਼ਨਾਂ ਭਰੇ ਮਨ ਨੇਂ ਕਰਾਏ ਹਨ। ਅਗਰ ਮੇਰਾ ਮਨ ਪਾਪੀ ਨਾਂ ਹੁੰਦਾ ਤਾਂ ਧਰਮ ਦੀ ਕਿਰਤ ਨਾਲ ਵੀ ਪਰਵਾਰ ਪਾਲਿਆ ਜਾ ਸਕਦਾ ਸੀ। ਪਰ ਮਨੁੱਖ ਨੇਂ ਆਪਣੀਂ ਮਾਨਸਿਕ ਕਮਜੋਰੀ ਵੇਖਣ ਦੀ ਬਜਾਏ ਪਰਵਾਰ ਦੀਆਂ ਲੋੜ੍ਹਾਂ ਨੂੰ ਵੇਖਿਆ ਤੇ ਕਹਿ ਦਿੱਤਾ ਕਿ ਮੈਨੂੰ ਪਰਵਾਰ ਨੇਂ ਹੀ ਪਾਪਾਂ ਦਾ ਭਾਗੀ ਬਣਾਇਆਂ ਹੈ। ਜੇਕਰ ਮੈਂ ਕੋਈ ਨੇਕੀ ਦਾ ਕੰਮ ਕਰਨਾਂ ਹੈ ਤਾਂ ਸਭ ਤੋਂ ਪਹਿਲਾ ਕੰਮ ਇਹ ਹੈ ਕਿ ਮੈਂ ਪਰਿਵਾਰ ਦਾ ਤਿਆਗ ਕਰਾਂ। ਪਹਿਲਾਂ ਤਾਂ ਜੀਵਨ ਵਿੱਚ ਗ੍ਰਹਿਣ ਕਰਨ ਦੀ ਦੌੜ੍ਹ ਭੱਜ ਰਹੀ ਤੇ ਫਿਰ ਤਿਆਗ ਦਾ ਦੌਰ ਐਸਾ ਚੱਲਿਆ ਕਿ ਸਾਡੇ ਦੇਸ਼ ਦੇ ਰੁੱਖਾਂ ਥੱਲੇ ਜੰਗਲਾਂ ਪਹਾੜ੍ਹਾਂ ਉਜਾੜ੍ਹਾਂ ਵਿੱਚ ਬੈਠੇ ਤਿਆਗੀ ਸਾਧੂ ਨਜਰ ਆਉਂਦੇ ਸਨ। ਜੋ ਕਿ ਕੇਵਲ ਨਾਮ ਦੇ ਹੀ ਤਿਆਗੀ ਸਨ। ਤੇ ਜਿਨ੍ਹਾਂ ਨੁਕਸਾਨ ਇਹਨਾਂ ਤਿਆਗੀਆਂ ਨੇਂ ਸਾਡੇ ਸਮਾਜ ਦਾ ਕੀਤਾ ਹੈ ਉਨ੍ਹਾਂ ਸ਼ਾਇਦ ਠੱਗਾਂ ਚੋਰਾਂ ਨੇਂ ਵੀ ਨਾਂ ਕੀਤਾ ਹੋਵੇਗਾ। ਕਿਨ੍ਹੇਂ ਕਮਾਲ ਦੀ ਗੱਲ ਹੈ ਕਿ ਜੋ ਲੋਕ ਪ੍ਰਵਾਰ ਨੂੰ ਪਾਪ ਦਾ ਘਰ ਕਹਿਕੇ ਛੱਡ ਕੇ ਚਲੇ ਗਏ ਲੋਕ ਉਹਨਾਂ ਕੋਲੋਂ ਔਲਾਦ ਦਾ ਸੁਖ ਮੰਗਣ ਜਾਂਦੇ ਹਨ। ਜਿਹੜ੍ਹੇ ਧਨ ਨੂੰ ਮਿਥਿਆ ਕਹਿਕੇ ਚਲੇ ਗਏ ਲੋਕ ਉਹਨਾਂ ਕੋਲੋਂ ਧਨ ਮੰਗਣ ਜਾਂਦੇ ਹਨ। ਗਲ ਕੀ ਕਿ ਐਸੇ ਪਾਖੰਡੀਆਂ ਦਾ ਸੰਪੂਰਨ ਤੌਰ ਤੇ ਬਾਈਕਾਟ ਕਰਦੀ ਹੈ ਗੁਰਬਾਣੀ। ਰਾਗ ਪ੍ਰਭਾਤੀ ਵਿੱਚ ਗੁਰ ਅਰਜਨ ਸਾਹਿਬ ਜੀ ਦਾ ਪਾਵਨ ਸ਼ਬਦ ਜੋ ਦਾਸ ਪਾਠਕਾਂ ਦੇ ਗਿਆਨ ਲਈ ਰੱਖਣ ਲੱਗਾ ਹੈ ਉਸਨੂੰ ਪੜ੍ਹਕੇ ਪਤਾ ਲੱਗ ਜਾਵੇਗਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਨਜਰ ਵਿੱਚ ਆਪਣੀਆਂ ਹੀ ਬਿਪਤਾਂ ਦੇ ਮਾਰੇ ਪਾਖੰਡੀ ਤਿਆਗੀਆਂ ਦਾ ਕਿਨ੍ਹਾਂ ਕੁ ਸਤਿਕਾਰ ਹੈ। ਜਰ੍ਹਾ ਇਸ ਗੁਰੂਵਾਕ ਤੇ ਗੌਰ ਫੁਰਮਾਓ...

ਪ੍ਰਭਾਤੀ ਮਹਲਾ 5॥ ਮਨ ਮਹਿ ਕ੍ਰੋਧੁ ਮਹਾ ਅਹੰਕਾਰਾ॥ ਪੂਜਾ ਕਰਹਿ ਬਹੁਤੁ ਬਿਸਥਾਰਾ॥ ਕਰਿ ਇਸਨਾਨੁ ਤਨਿ ਚਕ੍ਰ ਬਣਾਏ॥ ਅੰਤਰ ਕੀ ਮਲੁ ਕਬ ਹੀ ਨ ਜਾਏ॥ 1॥ ਇਤੁ ਸੰਜਮਿ ਪ੍ਰਭੁ ਕਿਨ ਹੀ ਨ ਪਾਇਆ॥

ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ॥ 1॥ ਰਹਾਉ॥ ਪਾਪ ਕਰਹਿ ਪੰਚਾਂ ਕੇ ਬਸਿ ਰੇ॥ ਤੀਰਥਿ ਨਾਇ ਕਹਹਿ ਸਭਿ ਉਤਰੇ॥ ਬਹੁਰਿ ਕਮਾਵਹਿ ਹੋਇ ਨਿਸੰਕ॥ ਜਮ ਪੁਰਿ ਬਾਂਧਿ ਖਰੇ ਕਾਲੰਕ॥ 2॥ ਘੂਘਰ ਬਾਧਿ ਬਜਾਵਹਿ ਤਾਲਾ॥ ਅੰਤਰਿ ਕਪਟੁ ਫਿਰਹਿ ਬੇਤਾਲਾ॥ ਵਰਮੀ ਮਾਰੀ ਸਾਪੁ ਨ ਮੂਆ॥ ਪ੍ਰਭੁ ਸਭ ਕਿਛੁ ਜਾਨੈ ਜਿਨਿ ਤੂ ਕੀਆ॥ 3॥ ਪੂੰਅਰ ਤਾਪ ਗੇਰੀ ਕੇ ਬਸਤ੍ਰਾ॥ ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ॥ ਦੇਸੁ ਛੋਡਿ ਪਰਦੇਸਹਿ ਧਾਇਆ॥ ਪੰਚ ਚੰਡਾਲ ਨਾਲੇ ਲੈ ਆਇਆ॥ 4 ਕਾਨ ਫਰਾਇ ਹਿਰਾਏ ਟੂਕਾ॥ ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ॥ ਬਨਿਤਾ ਛੋਡਿ ਬਦ ਨਦਰਿ ਪਰ ਨਾਰੀ॥ ਵੇਸਿ ਨ ਪਾਈਐ ਮਹਾ ਦੁਖਿਆਰੀ॥ 5॥ ਬੋਲੈ ਨਾਹੀ ਹੋਇ ਬੈਠਾ ਮੋਨੀ॥ ਅੰਤਰਿ ਕਲਪ ਭਵਾਈਐ ਜੋਨੀ॥ ਅੰਨ ਤੇ ਰਹਤਾ ਦੁਖੁ ਦੇਹੀ ਸਹਤਾ॥ ਹੁਕਮੁ ਨ ਬੂਝੈ ਵਿਆਪਿਆ ਮਮਤਾ॥ 6॥ ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇ॥ ਪੂਛਹੁ ਸਗਲ ਬੇਦ ਸਿੰਮ੍ਰਿਤੇ॥ ਮਨਮੁਖ ਕਰਮ ਕਰੈ ਅਜਾਈ॥ ਜਿਉ ਬਾਲੂ ਘਰ ਠਉਰ ਨ ਠਾਈ॥ 7॥ ਜਿਸ ਨੋ ਭਏ ਗੁਬਿੰਦ ਦਇਆਲਾ॥ ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ॥ ਕੋਟਿ ਮਧੇ ਕੋਈ ਸੰਤੁ ਦਿਖਾਇਆ॥ ਨਾਨਕੁ ਤਿਨ ਕੈ ਸੰਗਿ ਤਰਾਇਆ॥ 8॥ ਜੇ ਹੋਵੈ ਭਾਗੁ ਤਾ ਦਰਸਨੁ ਪਾਈਐ॥ ਆਪਿ ਤਰੈ ਸਭੁ ਕੁਟੰਬੁ ਤਰਾਈਐ॥ 1॥ ਰਹਾਉ ਦੂਜਾ॥ 2॥ (ਪੰਨਾ 1348)

ਅਰਥ: — ਹੇ ਭਾਈ! (ਜੇ) ਮਨ ਮਾਇਆ ਦੇ ਮੋਹ ਵਿੱਚ ਫਸਿਆ ਰਹੇ, (ਪਰ ਮਨੁੱਖ) ਵਿਸ਼ਨੂ-ਭਗਤੀ ਦੇ ਬਾਹਰਲੇ ਚਿਹਨ (ਆਪਣੇ ਸਰੀਰ ਉੱਤੇ ਬਣਾਂਦਾ ਰਹੇ, ਤਾਂ) ਇਸ ਤਰੀਕੇ ਨਾਲ ਕਿਸੇ ਨੇ ਭੀ ਪ੍ਰਭੂ-ਮਿਲਾਪ ਹਾਸਲ ਨਹੀਂ ਕੀਤਾ। 1. ਰਹਾਉ।

ਹੇ ਭਾਈ! ਜੇ ਮਨ ਵਿੱਚ ਕ੍ਰੋਧ ਟਿਕਿਆ ਰਹੇ, ਬਲੀ ਅਹੰਕਾਰ ਵੱਸਿਆ ਰਹੇ, ਪਰ ਕਈ ਧਾਰਮਿਕ ਰਸਮਾਂ ਦੇ ਖਿਲਾਰੇ ਖਿਲਾਰ ਕੇ (ਮਨੁੱਖ ਦੇਵ) ਪੂਜਾ ਕਰਦੇ ਰਹਿਣ ਜੇ (ਤੀਰਥ-ਆਦਿ ਉਤੇ) ਇਸ਼ਨਾਨ ਕਰ ਕੇ ਸਰੀਰ ਉੱਤੇ (ਧਾਰਮਿਕ ਚਿਹਨਾਂ ਦੇ) ਨਿਸ਼ਾਨ ਲਾਏ ਜਾਣ, (ਇਸ ਤਰ੍ਹਾਂ) ਮਨ ਦੀ (ਵਿਕਾਰਾਂ ਦੀ) ਮੈਲ ਕਦੇ ਦੂਰ ਨਹੀਂ ਹੁੰਦੀ। 1.

ਹੇ ਭਾਈ! (ਜਿਹੜੇ ਮਨੁੱਖ ਕਾਮਾਦਿਕ) ਪੰਜਾਂ ਦੇ ਵੱਸ ਵਿੱਚ (ਰਹਿ ਕੇ) ਪਾਪ ਕਰਦੇ ਰਹਿੰਦੇ ਹਨ, (ਫਿਰ ਕਿਸੇ) ਤੀਰਥ ਉੱਤੇ ਇਸ਼ਨਾਨ ਕਰ ਕੇ ਆਖਦੇ ਹਨ (ਕਿ ਸਾਡੇ) ਸਾਰੇ (ਪਾਪ) ਲਹਿ ਗਏ ਹਨ, (ਤੇ) ਝਾਕਾ ਲਾਹ ਕੇ ਮੁੜ ਮੁੜ (ਉਹੀ ਪਾਪ) ਕਰੀ ਜਾਂਦੇ ਹਨ (ਤੀਰਥ-ਇਸ਼ਨਾਨ ਉਹਨਾਂ ਨੂੰ ਜਮਰਾਜ ਤੋਂ ਬਚਾ ਨਹੀਂ ਸਕਦਾ, ਉਹ ਤਾਂ ਕੀਤੇ) ਪਾਪਾਂ ਦੇ ਕਾਰਨ ਬੰਨ੍ਹ ਕੇ ਜਮਰਾਜ ਦੇ ਦੇਸ ਵਿੱਚ ਅਪੜਾਏ ਜਾਂਦੇ ਹਨ। 2.

ਹੇ ਭਾਈ! (ਜਿਹੜੇ ਮਨੁੱਖ) ਘੁੰਗਰੂ ਬੰਨ੍ਹ ਕੇ (ਕਿਸੇ ਮੂਰਤੀ ਅੱਗੇ ਜਾਂ ਰਾਸਿ ਆਦਿਕ ਵਿਚ) ਤਾਲ ਵਜਾਂਦੇ ਹਨ (ਤਾਲ-ਸਿਰ ਨੱਚਦੇ ਹਨ), ਪਰ ਉਹਨਾਂ ਦੇ ਮਨ ਵਿੱਚ ਠੱਗੀ-ਫ਼ਰੇਬ ਹੈ, (ਉਹ ਮਨੁੱਖ

ਅਸਲ ਵਿੱਚ ਸਹੀ ਜੀਵਨ-) ਤਾਲ ਤੋਂ ਖੁੰਝੇ ਫਿਰਦੇ ਹਨ। ਜੇ ਸੱਪ ਦੀ ਖੁੱਡ ਬੰਦ ਕਰ ਦਿੱਤੀ ਜਾਏ, (ਤਾਂ ਇਸ ਤਰ੍ਹਾਂ ਉਸ ਖੁੱਡ ਵਿੱਚ ਰਹਿਣ ਵਾਲਾ) ਸੱਪ ਨਹੀਂ ਮਰਦਾ। ਹੇ ਭਾਈ! ਜਿਸ ਪਰਮਾਤਮਾ ਨੇ ਪੈਦਾ ਕੀਤਾ ਹੈ ਉਹ (ਤੇਰੇ ਦਿਲ ਦੀ) ਹਰੇਕ ਗੱਲ ਜਾਣਦਾ ਹੈ। 3.

ਹੇ ਭਾਈ! ਜਿਹੜਾ ਮਨੁੱਖ ਧੂਣੀਆਂ ਤਪਾਂਦਾ ਰਹਿੰਦਾ ਹੈ, ਗੇਰੀ-ਰੰਗੇ ਕੱਪੜੇ ਪਾਈ ਫਿਰਦਾ ਹੈ (ਉਂਝ ਕਿਸੇ) ਬਿਪਤਾ ਦਾ ਮਾਰਿਆ (ਆਪਣੇ) ਘਰੋਂ ਭੱਜਾ ਫਿਰਦਾ ਹੈ ਆਪਣਾ ਵਤਨ ਛੱਡ ਕੇ ਹੋਰ ਹੋਰ ਦੇਸਾਂ ਵਿੱਚ ਭਟਕਦਾ ਫਿਰਦਾ ਹੈ, (ਅਜਿਹਾ ਮਨੁੱਖ ਕਾਮਾਦਿਕ) ਪੰਜ ਚੰਡਾਲਾਂ ਨੂੰ ਤਾਂ (ਆਪਣੇ ਅੰਦਰ) ਨਾਲ ਹੀ ਲਈ ਫਿਰਦਾ ਹੈ। 4. ਹੇ ਭਾਈ! (ਜਿਹੜਾ ਮਨੁੱਖ ਆਪਣੇ ਵਲੋਂ ਸ਼ਾਂਤੀ ਦੀ ਖ਼ਾਤਰ) ਕੰਨ ਪੜਵਾ ਕੇ (ਜੋਗੀ ਬਣ ਜਾਂਦਾ ਹੈ, ਪਰ ਪੇਟ ਦੀ ਭੁੱਖ ਮਿਟਾਣ ਲਈ ਹੋਰਨਾਂ ਦੇ) ਟੁੱਕਰ ਤੱਕਦਾ ਫਿਰਦਾ ਹੈ, ਹਰੇਕ ਘਰ (ਦੇ ਬੂਹੇ) ਤੇ (ਰੋਟੀ) ਮੰਗਦਾ ਫਿਰਦਾ ਹੈ, ਉਹ (ਸਗੋਂ) ਤ੍ਰਿਪਤੀ ਤੋਂ ਵਾਂਜਿਆ ਰਹਿੰਦਾ ਹੈ। (ਉਹ ਮਨੁੱਖ ਆਪਣੀ) ਇਸਤ੍ਰੀ ਛੱਡ ਕੇ ਪਰਾਈ ਇਸਤ੍ਰੀ ਵੱਲ ਭੈੜੀ ਨਿਗਾਹ ਰੱਖਦਾ ਹੈ। ਹੇ ਭਾਈ! (ਨਿਰੇ) ਧਾਰਮਿਕ ਪਹਿਰਾਵੇ ਨਾਲ (ਪਰਮਾਤਮਾ) ਨਹੀਂ ਮਿਲਦਾ। (ਇਸ ਤਰ੍ਹਾਂ ਸਗੋਂ ਜਿੰਦ) ਬਹੁਤ ਦੁਖੀ ਹੁੰਦੀ ਹੈ। 5.

ਹੇ ਭਾਈ! (ਜਿਹੜਾ ਮਨੁੱਖ ਆਤਮਕ ਸ਼ਾਂਤੀ ਵਾਸਤੇ ਜੀਭ ਨਾਲ) ਨਹੀਂ ਬੋਲਦਾ, ਮੋਨਧਾਰੀ ਬਣ ਕੇ ਬੈਠ ਜਾਂਦਾ ਹੈ (ਉਸਦੇ) ਅੰਦਰ (ਤਾਂ) ਕਾਮਨਾ ਟਿਕੀ ਰਹਿੰਦੀ ਹੈ (ਜਿਸ ਦੇ ਕਾਰਨ) ਕਈ ਜੂਨਾਂ ਵਿੱਚ ਉਹ ਭਟਕਾਇਆ ਜਾਂਦਾ ਹੈ। (ਉਹ) ਅੰਨ (ਖਾਣ) ਤੋਂ ਪਰਹੇਜ਼ ਕਰਦਾ ਹੈ, (ਇਸ ਤਰ੍ਹਾਂ) ਸਰੀਰ ਉੱਤੇ ਦੁੱਖ (ਹੀ) ਸਹਾਰਦਾ ਹੈ। (ਜਦ ਤਕ ਮਨੁੱਖ ਪਰਮਾਤਮਾ ਦੀ) ਰਜ਼ਾ ਨੂੰ ਨਹੀਂ ਸਮਝਦਾ, (ਮਾਇਆ ਦੀ) ਮਮਤਾ ਵਿੱਚ ਫਸਿਆ (ਹੀ) ਰਹਿੰਦਾ ਹੈ। 6.

ਹੇ ਭਾਈ! ਬੇ-ਸ਼ੱਕ ਵੇਦ ਸਿਮ੍ਰਿਤੀਆਂ (ਆਦਿਕ ਧਰਮ-ਪੁਸਤਕਾਂ) ਨੂੰ ਭੀ ਵਿਚਾਰਦੇ ਰਹੋ, ਗੁਰੂ ਦੇ ਸਰਨ ਤੋਂ ਬਿਨਾ ਕਦੇ ਕਿਸੇ ਨੇ ਉੱਚੀ ਆਤਮਕ ਅਵਸਥਾ ਪ੍ਰਾਪਤ ਨਹੀਂ ਕੀਤੀ। ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ (ਜਿਹੜੇ ਭੀ ਆਪਣੇ ਵਲੋਂ ਧਾਰਮਿਕ) ਕਰਮ ਕਰਦਾ ਹੈ ਵਿਅਰਥ (ਹੀ ਜਾਂਦੇ ਹਨ), ਜਿਵੇਂ ਰੇਤ ਦੇ ਘਰ ਦਾ ਨਿਸ਼ਾਨ ਹੀ ਮਿਟ ਜਾਂਦਾ ਹੈ। 7.

ਹੇ ਭਾਈ! ਜਿਸ ਮਨੁੱਖ ਉੱਤੇ ਪਰਮਾਤਮਾ ਦਇਆਵਾਨ ਹੋਇਆ, ਉਸ ਨੇ ਗੁਰੂ ਦਾ ਬਚਨ (ਆਪਣੇ) ਪੱਲੇ ਬੰਨ੍ਹ ਲਿਆ। (ਪਰ ਇਹੋ ਜਿਹਾ) ਸੰਤ ਕ੍ਰੋੜਾਂ ਵਿਚੋਂ ਕੋਈ ਕੋਈ ਵਿਰਲਾ ਹੀ ਵੇਖਣ ਵਿੱਚ ਆਉਂਦਾ ਹੈ। ਨਾਨਕ (ਤਾਂ) ਇਹੋ ਜਿਹੇ (ਸੰਤ ਜਨਾਂ) ਦੀ ਸੰਗਤਿ ਵਿੱਚ (ਹੀ ਸੰਸਾਰ-ਸਮੁੰਦਰ ਤੋਂ) ਪਾਰ ਲੰਘਾਂਦਾ ਹੈ। 8.

ਹੇ ਭਾਈ! ਜੇ (ਮੱਥੇ ਦਾ) ਭਾਗ ਜਾਗ ਪਏ ਤਾਂ (ਅਜਿਹੇ ਸੰਤ ਦਾ) ਦਰਸਨ ਪ੍ਰਾਪਤ ਹੁੰਦਾ ਹੈ। (ਦਰਸਨ ਕਰਨ ਵਾਲਾ) ਆਪ ਪਾਰ ਲੰਘਦਾ ਹੈ, ਆਪਣੇ ਸਾਰੇ ਪਰਵਾਰ ਨੂੰ ਭੀ ਪਾਰ ਲੰਘਾ ਲੈਂਦਾ ਹੈ। ਰਹਾਉ ਦੂਜਾ। 2.

ਇਸ ਪਾਵਨ ਸ਼ਬਦ ਦੀ ਜੇਕਰ ਗੌਰ ਦੇ ਨਾਲ ਤੇ ਆਪਣੀਂ ਹੋਛੀ ਮੱਤ ਦਾ ਤਿਆਗ ਕਰਕੇ ਵਿਚਾਰ ਕੀਤੀ ਜਾਵੇ ਤਾ ਪਤਾ ਲੱਗ ਜਾਵੇਗਾ ਕਿ ਵਾਕਿਆ ਹੀ ਸਿੱਖ ਧਰਮ ਦੇ ਅੰਦਰ ਗ੍ਰਹਿਸਤ ਤੋਂ ਦੂਰ ਭੱਜੇ ਜੋਗੀਆਂ ਤਿਆਗੀਆਂ ਸੰਨਿਆਸੀਆਂ ਜਾਂ ਨਿਰਮਲਿਆਂ ਦੀ ਕੋਈ ਵੀ ਜਗਾ ਨਹੀਂ ਹੈ। ਗੁਰੂ ਨਾਨਕ ਸਾਹਿਬ ਜੀ ਨੇਂ ਆਪਣੀਆਂ ਪ੍ਰਚਾਰਕ ਫੇਰੀਆਂ ਦੌਰਾਨ ਸਿੱਧਾਂ ਜੋਗੀਆਂ ਦੇ ਨਾਲ ਵਿਚਾਰ ਕਰਦਿਆਂ ਉਹਨਾਂ ਨੂੰ ਸਮਝਾਇਆ ਸੀ ਕਿ ਇਹ ਜਰੂਰੀ ਨਹੀਂ ਹੈ ਕਿ ਘਰ ਦੀਆਂ ਜਿਮੇਵਾਰੀਆਂ ਤੋ ਦੂਰ ਭੱਜਕੇ ਹੀ ਪ੍ਰਮਾਤਮਾਂ ਦੀ ਪ੍ਰਾਪਤੀ ਹੁੰਦੀ ਹੈ, ਸਾਰੀ ਗੱਲ ਸ਼ਬਦ ਸੁਰਤ ਦੇ ਮਿਲਾਪ ਦੀ ਹੀ ਹੈ। ਚਰਪਟ ਨਾਥ ਜੋਗੀ ਨੇ ਜਦੋਂ ਸਤਿਗੁਰੂ ਮਹਾਰਾਜ ਜੀ ਨੂੰ ਇਹ ਸੁਆਲ ਕੀਤਾ ... .... .

ਦੁਨੀਆ ਸਾਗਰੁ ਦੁਤਰੁ ਕਹੀਐ, ਕਿਉਕਰਿ ਪਾਈਐ ਪਾਰੋ॥ ਚਰਪਟੁ ਬੋਲੈ ਅਉਧੂ ਨਾਨਕ, ਦੇਹੁ ਸਚਾ ਬੀਚਾਰੋ॥ ਆਪੇ ਆਖੈ ਆਪੇ ਸਮਝੈ, ਤਿਸੁ ਕਿਆ ਉਤਰੁ ਦੀਜੈ॥ ਸਾਚੁ ਕਹਹੁ, ਤੁਮ ਪਾਰਗਰਾਮੀ, ਤੁਝੁ ਕਿਆ ਬੈਸਣੁ ਦੀਜੈ॥ 4॥ {ਪੰਨਾ 938}

ਅਰਥ: —ਚਰਪਟ ਆਖਦਾ ਹੈ (ਭਾਵ, ਚਰਪਟ ਨੇ ਆਖਿਆ) —ਜਗਤ (ਇਕ ਐਸਾ) ਸਮੁੰਦਰ ਕਿਹਾ ਜਾਂਦਾ ਹੈ ਜਿਸ ਨੂੰ ਤਰਨਾ ਔਖਾ ਹੈ, ਹੇ ਵਿਰਕਤ ਨਾਨਕ! ਠੀਕ ਵਿਚਾਰ ਦੱਸ ਕਿ (ਇਸ ਸਮੁੰਦਰ ਦਾ) ਪਾਰਲਾ ਕੰਢਾ ਕਿਵੇਂ ਲੱਭੇ

ਉੱਤਰ: — (ਜੋ ਮਨੁੱਖ ਜੋ ਕੁਝ) ਆਪ ਆਖਦਾ ਹੈ ਤੇ ਆਪ ਹੀ (ਉਸ ਨੂੰ) ਸਮਝਦਾ (ਭੀ) ਹੈ ਉਸ ਨੂੰ (ਉਸ ਦੇ ਪ੍ਰਸ਼ਨ ਦਾ) ਉੱਤਰ ਦੇਣ ਦੀ ਲੋੜ ਨਹੀਂ ਹੁੰਦੀ; (ਇਸ ਵਾਸਤੇ, ਹੇ ਚਰਪਟ!) ਤੇਰੇ (ਪ੍ਰਸ਼ਨ) ਵਿੱਚ ਕੋਈ ਉਕਾਈ ਲੱਭਣ ਦੀ ਲੋੜ ਨਹੀਂ, (ਉਂਝ ਉੱਤਰ ਇਹ ਹੈ ਕਿ) ਸਦਾ ਕਾਇਮ ਰਹਿਣ ਵਾਲੇ ਪ੍ਰਭੂ ਨੂੰ ਜਪੋ ਤਾਂ ਤੁਸੀਂ (ਇਸ 'ਦੁਤਰੁ ਸਾਗਰੁ' ਤੋਂ) ਪਾਰ ਲੰਘ ਜਾਉਗੇ। 4.

ਸਾਹਿਬ ਜੀ ਨੂੰ ਪਤਾ ਸੀ ਕਿ ਚਰਪਟ ਨਾਥ ਜੋਗੀ ਸਭ ਕੁੱਝ ਜਾਣਦਾ ਹੋਇਆ ਵੀ ਅਨਜਾਣ ਬਣਕੇ ਸਾਥੋਂ ਪੁੱਛ ਰਿਹਾ ਹੈ, ਤਾਂ ਫਿਰ ਮਾਲਕ ਜੀ ਨੇਂ ਬਚਨ ਕੀਤਾ .... .

ਜੈਸੇ ਜਲ ਮਹਿ ਕਮਲੁ ਨਿਰਾਲਮੁ, ਮੁਰਗਾਈ ਨੈ ਸਾਣੇ॥ ਸੁਰਤਿ ਸਬਦਿ ਭਵ ਸਾਗਰੁ ਤਰੀਐ, ਨਾਨਕ ਨਾਮੁ ਵਖਾਣੇ॥ ਰਹਹਿ ਇਕਾਂਤਿ, ਏਕੋ ਮਨਿ ਵਸਿਆ, ਆਸਾ ਮਾਹਿ ਨਿਰਾਸੋ॥ ਅਗਮੁ ਅਗੋਚਰੁ ਦੇਖਿ ਦਿਖਾਏ, ਨਾਨਕੁ ਤਾ ਕਾ ਦਾਸੋ॥ 5॥ {ਪੰਨਾ 938}

ਅਰਥ : —ਜਿਵੇਂ ਪਾਣੀ ਵਿੱਚ (ਉੱਗਿਆ ਹੋਇਆ) ਕੌਲ ਫੁੱਲ (ਪਾਣੀ ਨਾਲੋਂ) ਨਿਰਾਲਾ ਰਹਿੰਦਾ ਹੈ, ਜਿਵੇਂ ਨਦੀ ਵਿੱਚ (ਤਰਦੀ) ਮੁਰਗਾਈ (ਭਾਵ, ਉਸ ਦੇ ਖੰਭ ਪਾਣੀ ਨਾਲ ਨਹੀਂ ਭਿੱਜਦੇ, ਇਸੇ ਤਰ੍ਹਾਂ) ਹੇ ਨਾਨਕ ! ਗੁਰੂ ਦੇ ਸ਼ਬਦ ਵਿੱਚ ਸੁਰਤਿ (ਜੋੜ ਕੇ) ਨਾਮ ਜਪਿਆਂ ਸੰਸਾਰ-ਸਮੁੰਦਰ ਤਰ ਸਕੀਦਾ ਹੈ।

(ਜੋ ਮਨੁੱਖ ਸੰਸਾਰ ਦੀਆਂ) ਆਸਾਂ ਵਲੋਂ ਨਿਰਾਸ ਰਹਿੰਦੇ ਹਨ, ਜਿਨ੍ਹਾਂ ਦੇ ਮਨ ਵਿੱਚ ਇੱਕ ਪ੍ਰਭੂ ਹੀ ਵੱਸਦਾ ਹੈ (ਉਹ ਸੰਸਾਰ ਵਿੱਚ ਰਹਿੰਦੇ ਹੋਏ ਭੀ ਸੰਸਾਰ ਤੋਂ ਲਾਂਭੇ) ਇਕਾਂਤ ਵਿੱਚ ਵੱਸਦੇ ਹਨ। (ਅਜੇਹੇ ਜੀਵਨ ਵਾਲਾ ਜੋ ਮਨੁੱਖ) ਅਗੰਮ ਤੇ ਅਗੋਚਰ ਪ੍ਰਭੂ ਦਾ ਦਰਸ਼ਨ ਕਰ ਕੇ ਹੋਰਨਾਂ ਨੂੰ ਦਰਸ਼ਨ ਕਰਾਂਦਾ ਹੈ, ਨਾਨਕ ਉਸ ਦਾ ਦਾਸ ਹੈ। 5.

ਸੋ ਸ਼ਪੱਸ਼ਟ ਹੋਇਆ ਕਿ ਗੁਰਮਤਿ ਗ੍ਰਹਿਸਤ ਮਾਰਨ ਤੋਂ ਦੂਰ ਰਹਿਨ ਦੀ ਨਹੀਂ ਸਗੋ ਇਸਨੂੰ ਧਾਰਨ ਕਰਨ ਦੀ ਤਾਕੀਦ ਕਰਦੀ ਹੈ। ਪੁਸਤਕ ਦਾ ਕਰਤਾ ਅਗਾਂਹ ਜਾਕੇ ਲਿਖਦਾ ਹੈ ਕਿ ਬਾਬਾ ਨਿਹਾਲ ਸਿੰਘ ਜੀ ਨੇਂ ਆਪਣਾਂ ਘਰ-ਘਾਟ ਛੱਡ ਦਿੱਤਾ ਤੇ ਮਸਤ ਮਲੰਗਾਂ ਵਾਗੂੰ ਹੋ ਵਿਚਰਨ ਲੱਗੇ। ਤੇ ਇਸ ਤਰ੍ਹਾਂ ਘੁੰਮਦੇ ਫਿਰਦੇ ਜਦੋਂ ਉਹ ਅੰਮ੍ਰਿਤਸਰ ਵਿਖੇ ਪਹੁੰਚੇ ਤਾਂ ਉਥੇ ਜਾਕੇ ਉਹਨਾਂ ਨੇਂ ਇੱਕ ਨਾਂਗੇ ਸਾਧੂ ਨੂੰ ਆਪਣਾਂ ਗੁਰੂ ਧਾਰਨ ਕਰ ਲਿਆ। ਤੇ ਉਸ ਨਾਂਗੇ ਸਾਧੂ ਨੂੰ ਆਪਣਾਂ ਗੁਰੂ ਮੰਨਣ ਉਪਰੰਤ ਉਸਦੀ ਆਰਾਧਨਾਂ ਕਰਨ ਲੱਗ ਪਏ। ਮੈਨੂੰ ਇਹ ਨਹੀਂ ਸਮਝ ਆਉਂਦੀ ਕਿ ਬਾਬਾ ਨਿਹਾਲ ਸਿੰਘ ਨੂੰ ਕੀ ਇਹ ਪਤਾ ਨਹੀਂ ਸੀ ਕਿ ਗੁਰਬਾਣੀਂ ਜਿਨ੍ਹਾਂ ਨਾਂਗਿਆਂ ਦਾ ਸਖਤ ਵਿਰੋਧ ਕਰ ਰਹੀ ਹੈ ਜੇਕਰ ਮੈ ਉਹਨਾਂ ਨੂੰ ਆਪਣਾਂ ਇਸ਼ਟ ਮੰਨਕੇ ਚੱਲਾਂਗਾ ਤਾਂ ਮੈਂ ਕਦੇ ਵੀ ਗੁਰੂ ਨਾਨਕ ਸਾਹਿਬ ਜੀ ਦੀ ਖੁਸ਼ੀ ਹਾਸਲ ਨਹੀਂ ਕਰ ਸਕਦਾ। ਸ਼ਾਇਦ ਬਾਬੇ ਨੂੰ ਇਹ ਵੀ ਨਾਂ ਪਤਾ ਹੋਏ ਕਿ ਸਾਨੂੰ ਸਿੱਖਾਂ ਨੂੰ ਗੁਰੂ ਕਲਗੀਧਰ ਜੀ ਪੱਕੇ ਤੌਰ ਤੇ ਹੀ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੋੜ੍ਹ ਕੇ ਗਏ ਹਨ। ਸੋ ਸਿੱਖਾਂ ਦਾ ਗੁਰੂ ਕੇਵਲ ਗੁਰੂਬਾਣੀਂ ਹੈ ਕੋਈ ਹੋਰ ਦੇਹਧਾਰੀ ਪਾਖੰਡੀ ਨਹੀਂ ਹੈ, ਪਰ ਇਹਦੇ ਬਾਵਜੂਦ ਵੀ ਲੇਖਕ ਦੇ ਅਨੁਸਾਰ ਬਾਬਾ ਨਿਹਾਲ ਸਿੰਘ ਜੀ ਨੇਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾਂ ਗੁਰੂ ਨਹੀਂ ਸਵੀਕਾਰ ਕੀਤਾ ਸਗੋਂ ਇੱਕ ਪਾਖੰਡੀ ਨਾਂਗੇ ਸਾਧੂ ਨੂੰ ਆਪਣਾਂ ਇਸ਼ਟ ਸਵੀਕਾਰ ਕੀਤਾ। ਜਦਕਿ ਆਸਾ ਦੀ ਵਾਰ ਵਿੱਚ ਮਾਲਕ ਜੀ ਨੇਂ ਇਹ ਬਚਨ, ਬਸਤਰ ਨ ਪਹਿਰੇ ਅਹਨਿਸਿ ਕਹਿਰੇ॥ ਲਿਖਕੇ ਨੰਗੇ ਰਹਿਣ ਵਾਲੇ ਢੌਂਗੀਆਂ ਦਾ ਚੰਗੀ ਤਰ੍ਹਾਂ ਪਾਜ ਉਘੇੜ੍ਹਿਆ ਹੈ। ਇਹਦੇ ਵਿੱਚ ਕੋਈ ਵੀ ਅਤਕਥਨੀਂ ਨਹੀਂ ਹੈ ਕਿ ਬਾਬਾ ਨਿਹਾਲ ਸਿੰਘ ਨਿਗੁਰੇ ਸਨ। ਜੋ ਖੁਦ ਹੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਤੋਂ ਇਨਕਾਰੀ ਹਨ, ਉਹ ਲੋਕ ਜਾਂ ਉਹਨਾਂ ਦੇ ਮਰਨ ਅਸਥਾਨ ਸਾਡਾ ਕੀ ਸਵਾਰ ਸਕਦੇ ਹਨ। ਉਹਨਾਂ ਦੀ ਜੀਵਨੀ ਪੜ੍ਹਨ ਵੇਲੇ ਮੈਂ ਇੱਕ ਗੱਲ ਨੋਟ ਕੀਤੀ ਹੈ ਬਾਬਾ ਨਿਹਾਲ ਸਿੰਘ ਜੀ ਅੰਮ੍ਰਿਤਧਾਰੀ ਸਨ ਐਸਾ ਕਿਤੇ ਵੀ ਜਿਕਰ ਨਹੀਂ ਆਇਆ ਹੈ। ਪੁਸਤਕ ਦਾ ਕਰਤਾ ਲਿਖਦਾ ਹੈ ਕਿ ਜਦੋਂ ਬਾਬਾ ਨਿਹਾਲ ਸਿੰਘ ਜੀ ਚੜ੍ਹਾਈ ਕਰ ਗਏ ਤਾਂ ਉਹਨਾਂ ਦਾ ਸਸਕਾਰ ਉਹਨਾਂ ਦੀ ਇਛਾ ਮੂਜਬ ਪਿੰਡ ਤੱਲਣ੍ਹ ਵਿੱਚ ਕੀਤਾ ਗਿਆ ਜਿਥੇ ਕਿ ਅੱਜ ਇੱਕ ਬੜ੍ਹਾ

ਆਲੀਸ਼ਾਨ ਗੁਰਦੁਆਰਾ ਸਾਹਿਬ ਹੈ। ਇੱਕ ਗੱਲ ਦੀ ਦਾਸ ਨੂੰ ਸਮਝ ਨਹੀਂ ਆਈ ਕਿ ਗੁਰਦੁਆਰੇ ਦਾ ਨਾਮ ਵੀ ਗੁਰਦੁਆਰਾ ਸ਼ਹੀਦਾਂ ਰੱਖਿਆ ਗਿਆ ਹੈ ਤੇ ਤੇ ਬਾਬਾ ਨਿਹਾਲ ਸਿੰਘ ਨੂੰ ਵੀ ਸ਼ਹੀਦ ਲ਼ਿਖਿਆ ਗਿਆ ਹੈ ਜਦ ਕਿ ਉਹ ਸ਼ਹੀਦ ਹੋਏ ਹੀ ਨਹੀਂ ਸਨ। ਭਾਈ ਵੀਰ ਸਿੰਘ ਜੀ ਨੇਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਵਿੱਚ ਸ਼ਹੀਦ ਦੇ ਅਰਥ ਇਓਂ ਕੀਤੇ ਹਨ। ਬੇਗੁਨਾਹ ਮਾਰਿਆ ਗਿਆ ਜਾਂ ਜਿਸਨੇਂ ਰੱਬ ਦੀ ਖਾਤਰ ਜਾਨ ਦਿੱਤੀ ਹੋਏ, ਸੱਚ ਦੇ ਮਾਰਗ ਤੇ ਤੁਰਨ ਵਾਲਾ।

ਜਦਕਿ ਬਾਬਾ ਨਿਹਾਲ ਸਿੰਘ ਦੀ ਮੌਤ ਇੱਕ ਖੂਹ ਵਿੱਚ ਕੰਮ ਕਰਦਿਆਂ ਘਿਰਲਾ ਟੁੱਟ ਕੇ ਵੱਜਣ ਨਾਲ ਹੋਈ ਸੀ। ਪਰ ਉਹਨਾਂ ਨੂੰ ਕਿਓਂ ਸ਼ਹੀਦ ਦੀ ਡਿਗਰੀ ਦੇ ਦਿੱਤੀ ਗਈ ਇਹ ਦਾਸ ਦੀ ਸਮਝ ਤੋਂ ਬਾਹਰ ਦੀ ਗੱਲ ਹੈ। ਵੈਸੇ ਵੀ ਅੱਜ ਕੱਲ ਕਮਾਈ ਦਾ ਬਹੁਤ ਵੱਡਾ ਸਾਧਨ ਸ਼ਹੀਦਾਂ ਦਾ ਨਾਮ ਹੈ ਜਿਸ ਗੁਰਦੁਆਰੇ ਸੰਗਤ ਦਾ ਨਾਮ ਨਿਸ਼ਾਨ ਨਾਂ ਹੋਵੇ ਚੁਪ ਕਰਕੇ ਉਸਦਾ ਨਾਮ ਬਦਲ ਕੇ ਬਾਬੇ ਸ਼ਹੀਦਾਂ ਜਾਂ ਸਿੰਘ ਸ਼ਹੀਦਾਂ ਰੱਖ ਦਿਓ ਫਿਰ ਦੇਖਿਓ ਕਿਵੇਂ ਉਥੇ ਅਖੰਡ ਪਾਠਾਂ ਦੀਆਂ ਲੜ੍ਹੀਆਂ ਚਲਦੀਆਂ ਨੇ। ਬਾਬਾ ਨਿਹਾਲ ਸਿੰਘ ਤੋਂ ਬਾਅਦ ਬਾਬਾ ਹਰਨਾਮ ਸਿੰਘ ਦਾ ਵੀ ਕਾਫੀ ਨਾਮ ਹੈ ਜਿੰਨ੍ਹਾਂ ਨੇਂ ਇਸ ਅਸਥਾਨ ਦੀ ਸੇਵਾ ਕੀਤੀ ਸੀ। ਖੈਰ ਮੈਂ ਜਿਆਦਾ ਹੋਰ ਡੂੰਘਾਈ ਵਿੱਚ ਨਾਂ ਜਾਂਦਾ ਹੋਇਆ ਹੁਣ ਇਹ ਵਿਚਾਰ ਪਾਠਕਾਂ ਦੇ ਸਨਮੁਖ ਰੱਖਾਂਗਾ ਕਿ ਇਸ ਅਸਥਾਨ ਤੇ ਕਿਸ ਤਰ੍ਹਾਂ ਗੁਰਮਤਿ ਵਿਰੁਧ ਕਰਮ ਹੁੰਦੇ ਹਨ



ਇਹ ਗੁਰਦੁਆਰੇ ਦੇ ਅੰਦਰ ਦੀ ਫੋਟੋ ਹੈ, ਇਥੇ ਸਾਹਮਣੇਂ ਛੋਟੇ-ਛੋਟੇ ਕਮਰਿਆਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਪ੍ਰਕਾਸ਼ ਕੀਤੇ ਹੋਏ ਹਨ। ਇਹ ਹੈ ਇਸਤੋਂ ਅਗਲੀ ਤਸਵੀਰ ਜਿਹਦੇ ਵਿੱਚ ਆਪ ਜੀ ਦੇਖੋਗੇ ਕਿ ਕਿਵੇਂ ਉਥੇ ਜਗਦੀ ਸ਼ਹੀਦੀ ਜੋਤ ਨੂੰ ਮੱਥਾ ਟੇਕਣ ਵਾਲਿਆਂ ਦੀ ਲਾਈਨ ਲੱਗੀ ਹੋਈ ਹੈ........



ਦੇਖੋ ਕਿਸ ਤਰ੍ਹਾਂ ਲਾਈਨਾਂ ਲਾਕੇ ਜੋਤ ਦਾ ਦੀਦਾਰ ਕੀਤਾ ਜਾ ਰਿਹਾ ਹੈ। ਇਸ ਜੋਤ ਦੇ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਹ ਬਾਬਾ ਨਿਹਾਲ ਸਿੰਘ ਜੀ ਦੀ ਮਾਤਾ ਜੀ ਨੇਂ ਜਗਾਉਣੀ ਸ਼ੁਰੂ ਕੀਤੀ ਸੀ, ਭਾਵ ਕਿ ਇਹ ਬਾਬਾ ਨਿਹਾਲ ਸਿੰਘ ਦੀ ਮੜ੍ਹੀ ਸੀ ਜਿਸਤੇ ਉਹਨਾਂ ਦੀ ਮਾਤਾ ਹਰ ਐਤਵਾਰ ਦੀਵਾ ਜਗਾਉਣ ਆਇਆ ਕਰਦੀ ਸੀ ਜੋ ਕਿ ਆਮ ਹੀ ਪੁਰਾਨੇਂ ਸਮੇਂ ਲੋਕ ਮੁਰਦਿਆਂ ਦੀਆਂ ਮਸਾਣਾਂ ਤੇ ਦੀਵਾ ਜਗਾਇਆ ਕਰਦੇ ਸਨ। ਫਿਰ ਇਹ ਦੀਵਾ ਜੋਤ ਸ਼ਹੀਦੀ ਜੋਤ ਕਿਵੇਂ ਬਣ ਗਿਆ ਇਹਦੇ ਬਾਰੇ ਮੈਨੂੰ ਕੋਈ ਸਮਝ ਨਹੀਂ ਆਉਂਦੀ। ਕਹਿੰਦੇ ਨੇਂ ਇਹ ਜੋਤ ਦਾ ਚਾਨਣ ਕਈ ਮੀਲਾਂ ਤੱਕ ਹੋਇਆ ਕਰਦਾ ਸੀ, ਜੋ ਕਿ ਹੁਣ ਨਹੀਂ ਹੁੰਦਾ ਸ਼ਾਇਦ ਹੁਣ ਦੇਸੀ ਘਿਉ ਜੁ ਮਿਲਾਵਟ ਵਾਲਾ ਹੋ ਗਿਆ ਹੈ। ਸਿੱਖ ਅੱਜ ਐਸੀ ਮੂਰਖਤਾਈ ਦੇ ਰਸਤੇ ਤੇ ਚੱਲ ਪਏ ਨੇਂ ਕਿ ਮੂਰਖਤਾ ਨੂੰ ਵੀ ਸ਼ਰਮ ਆਉਣ ਲੱਗ ਪਈ ਹੈ। ਭਾਵੇਂ ਕਿ ਇਹ ਗੁਰਦੁਆਰਾ ਸਿੱਖਾਂ ਦਾ ਹੈ ਪਰ ਕੰਮ ਸਾਰੇ ਬਿਪਰਵਾਦੀ ਹੋ ਰਹੇ ਹਨ। ਗੁਰੂ ਗ੍ਰੰਥ ਸਾਹਿਬ ਜੀ ਨੂੰ ਤਾਂ ਬਸ ਸਿੱਖਾਂ ਨੇ ਆਪਣੀਂ ਕਮਾਈ ਦਾ ਸਾਧਨ ਬਣਾਇਆਂ ਹੋਇਆ ਹੈ। ਹਾਂ ਮੱਥਾ ਜਰੂਰ ਟੇਕਣਾਂ ਹੈ ਪਰ ਕੰਮ ਨਹੀਂ ਗੁਰੂ ਅਨੁਸਾਰ ਕਰਨੇਂ, ਇਹ ਸਾਡੇ ਵਾਸਤੇ ਖਤਰੇ ਦੀ ਘੰਟੀ ਹੈ, ਪਰ ਕੀ ਕਰੀਏ ਸਾਨੂੰ ਤਾਂ ਹੁਣ ਕੋਈ ਵੀ ਆਵਾਜ ਸੁਣਾਈ ਹੀ ਨਹੀਂ ਦਿੰਦੀ। ਅਗਲੀ ਤਸਵੀਰ ਆਪ ਜੀ ਦੇਖੋ.....



ਇਹ ਗੁਰਦੁਆਰੇ ਦੇ ਅੰਦਰ ਦੀ ਹਾਲਤ ਹੈ, ਜਿਸ ਬਾਰੇ ਜਦੋਂ ਮੈਂ ਦਫਤਰ ਵਿੱਚ ਬੈਠੇ ਖਜਾਨਚੀ ਨੂੰ ਪੁਛਿਆ ਕਿ ਇਹ ਤਾਂ ਗੁਰਮਤਿ ਦੇ ਸ਼ਖਤ ਵਿਰੁਧ ਕਰਮ ਹੋ ਰਹੇ ਹਨ, ਤਾਂ ਉਸਦਾ ਜੁਵਾਬ ਸੀ ਕਿ ਸਾਡਾ ਕੀ ਕਸੂਰ ਹੈ ਲੋਕ ਆਪਣੇਂ ਆਪ ਹੀ ਏਥੇ ਇਹ ਸਾਰਾ ਕੁੱਝ ਕਰ ਜਾਂਦੇ ਹਨ। ਮੈਂ ਪੁਛਿਆ ਕਿ ਇਹ ਮੌਲੀਆਂ ਧਾਗੇ ਚੂੜ੍ਹੀਆਂ ਚੂੜ੍ਹੇ ਇਹ ਕਿਓ ਬੰਨਦੇ ਹਨ। ਉਹਨਾਂ ਦੱਸਿਆ ਕਿ ਜਿਹੜ੍ਹੇ ਇਥੇ ਵਿਆਹ ਹੋਣ ਦੀ ਸੁਖਣਾਂ ਸੁਖਦੇ ਹਨ, ਤੇ ਵਿਆਹ ਹੋਣ ਤੋਂ ਉਪਰੰਤ ਉਹ ਜਦੋਂ ਆਪਣੀਂ ਸੁਖਣਾਂ ਲਾਹੁਣ ਆਉਂਦੇ ਹਨ ਤਾਂ ਇਸ ਤਰਾਂ ਇਹ ਚੂੜ੍ਹੇ ਆਦਿਕ ਬੋਹੜ੍ਹ ਨਾਲ ਬੰਨ੍ਹ ਜਾਂਦੇ ਹਨ। ਮੈਂ ਕਿਹਾ ਵਾਹ ਵੀਰ ਜੀ ਧੰਨ ਸਿੱਖ ਤੇ ਧੰਨ ਸਿੱਖੀ। ਕੀ ਇਹ ਸਾਰਾ ਕੁੱਝ ਦੇਖ ਤੁਹਾਨੂੰ ਇਹ ਨਹੀਂ ਲੱਗਦਾ ਕਿ ਵਾਕਿਆ ਹੀ ਸਿੱਖ ਹੀ ਸਿੱਖੀ ਦੇ ਦੁਸ਼ਮਨ ਹਨ, ਅੱਜ ਸਾਨੂੰ ਅਖੋਤੀ ਸਿੱਖਾਂ ਕੋਲੋਂ ਹੀ ਸਿੱਖੀ ਬਚਾਉਣੀਂ ਚਾਹੀਦੀ ਹੈ। ਕਿਤੇ ਐਸਾ ਨਾਂ ਹੋਵੇ ਕਿ ਸਾਡੇ ਆਪਣਿਆਂ ਦੇ ਰੂਪ ਵਿੱਚ ਇਹ ਬਹਿਰੂਪੀਏ ਸਾਡਾ ਸਾਰਾ ਕੁੱਝ ਬਰਬਾਦ ਕਰ ਜਾਣ। ਅਗਲੀ ਵਿਚਾਰ ਮੈਂ ਆਪ ਜੀ ਨੂੰ ਅੰਬਾਲੇ ਸ਼ਹਿਰ ਅੰਦਰ ਇਤਿਹਾਸਕ ਅਸਥਾਨ ਗੁਰਦੁਆਰਾ ਮੰਜੀ ਸਾਹਿਬ ਜੀ ਦੀ ਕਰਾਂਗਾ। ਕਿਹਾ ਜਾਂਦਾ ਹੈ ਕਿ ਇਥੇ ਗੁਰੂ ਹਰਗੋਬਿੰਦ ਸਾਹਿਬ ਜੀ ਦੋ ਵਾਰ ਆਏ ਸਨ। ਗੁਰਦੁਆਰੇ

ਅੰਦਰ ਇੱਕ ਬਉਲੀ ਹੈ ਜਿਹੜੀ ਗੁਰੂ ਗਰਗੋਬਿੰਦ ਸਾਹਿਬ ਜੀ ਨੇਂ ਇਲਾਕੇ ਦੇ ਲੋਕਾਂ ਦੀ ਪਾਣੀਂ ਦੀ ਸਮੱਸਿਆ ਨੂੰ ਮੁੱਖ ਰੱਖਕੇ ਖੁਦਵਾਈ ਸੀ। ਮੈਂ ਇਥੇ ਇੱਕ ਵਾਰ ਕਥਾ ਕਰਨ ਲਈ ਗਿਆ ਸੀ। ਉਦੋਂ ਹੀ ਦਾਸ ਨੇਂ ਉਸ ਬਉਲੀ ਦੀ ਤਸਵੀਰ ਲਈ ਸੀ, ਜੋ ਕਿ ਇਹ ਹੈ...



ਇਹ ਬਉਲੀ ਤੇ ਬਣੇਂ ਗੁੰਬਦ ਦੀ ਤਸਵੀਰ ਹੈ, ਇਸਤੇ ਇਸ ਬਉਲੀ ਵਿੱਚ ਇਸ਼ਨਾਨ ਕਰਨ ਦੀ ਮਹੱਤਤਾ ਦਾ ਜੋ ਜਿਕਰ ਕੀਤਾ ਗਿਆ ਹੈ ਜਰ੍ਹਾ ਆਪ ਜੀ ਉਸਤੇ ਵੀ ਗੌਰ ਫੁਰਮਾਓ ਤੇ ਸੋਚੋ ਕਿ ਇਹ ਹੋ

ਕੀ ਰਿਹਾ ਹੈ ਸਾਡੇ ਨਾਲ ਮੈਂ ਬੇਨਤੀ ਕਰਾਂ ਇਹ ਅਸਥਾਨ ਦੀ ਸੇਵਾ ਸ਼੍ਰੋਮਣੀਂ ਕਮੇਟੀ ਹੀ ਨਿਭਾ ਰਹੀ ਹੈ, ਜੋ ਕਿ ਵੈਸੇ ਵੀ ਸਿੱਖਾਂ ਦੀ ਨਾਮ ਦੀ ਸੰਸਥਾ ਹੈ, ਕੰਮ ਇਹ ਸਾਰਾ ਬਾਦਲ ਸਾਹਬ ਦਾ ਹੀ ਸਵਾਰਦੀ ਹੈ।



ਇਹ ਬਉਲੀ ਦੇ ਉਪਰ ਬਣੇਂ ਗੁੰਬਦ ਤੇ ਲਿਖਿਆ ਹੈ। ਭਾਵੇਂ ਕਿ ਇਹ ਕੁਫਰ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪਾਵਨ ਮੁਖਾਰਬਿੰਦ ਤੋਂ ਹੀ ਕਢਵਾਇਆ ਗਿਆ ਹੈ। ਪਰ ਆਮ ਲੋਕਾਂ ਵਾਸਤੇ ਇਹ ਰੱਬੀ ਬਚਨ ਹਨ। ਗੁਰੂ ਹਰਗੋਬਿੰਦ ਸਾਹਿਬ ਜੀ ਦੇ ਮੂਹੋਂ ਇਹ ਅਖਵਾਕੇ ਕਿ ਜਿਹੜ੍ਹਾ ਇਸ ਬਉਲੀ ਦੇ ਦਰਸ਼ਨ ਕਰੇਗਾ ਤੇ ਇਸਦਾ ਜਲ ਛਕੇਗਾ ਉਹਦੀਆਂ ਸਾਰੀਆਂ ਮਨੋਕਾਮਨਾਂ ਪੂਰੀਆਂ ਹੋਣਗੀਆਂ। ਅਸੀਂ ਆਪਣੇਂ ਹੀ ਗੁਰੂ ਨਾਲ ਬਹੁਤ ਵੱਡਾ ਧ੍ਰੋਹ ਕਮਾ ਰਹੇ ਹਾਂ। ਕੀ ਗੁਰੂ ਹਰਗੋਬਿੰਦ ਸਾਹਿਬ ਜੀ ਗੁਰੂ ਨਾਨਕ ਸਾਹਿਬ ਜੀ ਤੋਂ ਵੱਖ ਸਨ? ਕੀ ਉਹ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਨਹੀਂ ਸਨ? ਗੁਰੂ ਨਾਨਕ ਸਾਹਿਬ ਜੀ ਤਾਂ ਸਿੱਧਾਂ ਨਾਲ ਵਿਚਾਰ ਸਮੇਂ ਇਹ ਕਹਿੰਦੇ ਹੋਏ ਨਜਰ ਆ ਰਹੇ ਹਨ ਕਿ ਅਸਾਂ ਗੁਰ-ਸ਼ਬਦ ਰਾਹੀਂ ਆਪਣੀਆਂ ਸਾਰੀਆਂ ਇਛਾਵਾਂ ਤੇ ਮਨ ਦੇ ਫੁਰਨੇ ਸਾੜ੍ਹ ਦਿੱਤੇ ਹਨ। ਉਹਨਾਂ ਨੇਂ ਸਤਿਗੁਰੂ ਜੀ ਨੂੰ ਇਹ ਸੁਆਲ ਕੀਤਾ......

ਕਿਤੁ ਬਿਧਿ ਪੁਰਖਾ, ਜਨਮੁ ਵਟਾਇਆ॥ ਕਾਹੇ ਕਉ, ਤੁਝੁ ਇਹੁ ਮਨੁ ਲਾਇਆ॥ ਕਿਤੁ ਬਿਧਿ, ਆਸਾ ਮਨਸਾ ਖਾਈ॥ ਕਿਤੁ ਬਿਧਿ, ਜੋਤਿ ਨਿਰੰਤਰਿ ਪਾਈ॥ ਬਿਨੁ ਦੰਤਾ, ਕਿਉ ਖਾਈਐ ਸਾਰੁ॥ ਨਾਨਕ, ਸਾਚਾ ਕਰਹੁ ਬੀਚਾਰੁ॥ 19॥ {ਪੰਨਾ 939-940}

ਅਰਥ : — (ਪ੍ਰਸ਼ਨ : ) ਹੇ ਪੁਰਖਾ ! ਤੂੰ ਆਪਣੀ ਜ਼ਿੰਦਗੀ ਕਿਸ ਤਰੀਕੇ ਨਾਲ ਪਲਟ ਲਈ ਹੈ ? ਤੂੰ ਆਪਣਾ ਇਹ ਮਨ ਕਿਸ ਵਿੱਚ ਜੋੜਿਆ ਹੈ ? ਮਨ ਦੀਆਂ ਆਸਾਂ ਤੇ ਮਨ ਦੇ ਫੁਰਨੇ ਤੂੰ ਕਿਵੇਂ ਮੁਕਾ ਲਏ ਹਨ ? ਰੱਬੀ ਪ੍ਰਕਾਸ਼ ਤੈਨੂੰ ਇੱਕ-ਰਸ ਕਿਵੇਂ ਮਿਲ ਪਿਆ ਹੈ ? (ਮਾਇਆ ਦੇ ਇਸ ਪ੍ਰਭਾਵ ਤੋਂ ਬਚਣਾ ਇਉਂ ਹੀ ਔਖਾ ਹੈ ਜਿਵੇਂ ਬਿਨਾ ਦੰਦਾਂ ਦੇ ਲੋਹਾ ਚੱਬਣਾ) ਦੰਦਾਂ ਤੋਂ ਬਿਨਾ ਲੋਹਾ ਕਿਵੇਂ ਚੱਬਿਆ ਜਾਏ ? ਹੇ ਨਾਨਕ ! ਕੋਈ ਸਹੀ ਵੀਚਾਰ ਦੱਸੋ (ਭਾਵ, ਕੋਈ ਐਸਾ ਵੀਚਾਰ ਦੱਸੋ ਜੋ ਅਸਾਡੇ ਮਨ ਲੱਗੇ ਜਾਏ)। 19.

ਤਾਂ ਸਾਹਿਬ ਜੀ ਨੇ ਅਗੋਂ ਜੁਵਾਬ ਦਿੱਤਾ ਸੀ...

ਸਤਿਗੁਰ ਕੈ ਜਨਮੇ, ਗਵਨੁ ਮਿਟਾਇਆ॥ ਅਨਹਤਿ ਰਾਤੇ, ਇਹੁ ਮਨੁ ਲਾਇਆ॥ ਮਨਸਾ ਆਸਾ ਸਬਦਿ ਜਲਾਈ॥ ਗੁਰਮੁਖਿ ਜੋਤਿ ਨਿਰੰਤਰਿ ਪਾਈ॥ ਤ੍ਰੈ ਗੁਣ ਮੇਟੇ, ਖਾਈਐ ਸਾਰੁ॥ ਨਾਨਕ, ਤਾਰੇ ਤਾਰਣਹਾਰੁ॥ 20॥ {ਪੰਨਾ 940}

ਅਰਥ : — (ਉੱਤਰ : ) ਜਿਉਂ ਜਿਉਂ ਸਤਿਗੁਰੂ ਦੀ ਸਿੱਖਿਆ ਤੇ ਤੁਰੇ, ਤਿਉਂ ਤਿਉਂ ਮਨ ਦੀ ਭਟਕਣਾ ਮੁੱਕਦੀ ਗਈ। ਜਿਉਂ ਜਿਉਂ ਇੱਕ-ਰਸ ਵਿਆਪਕ ਪ੍ਰਭੂ ਵਿੱਚ ਜੁੜਨ ਦਾ ਆਨੰਦ ਆਇਆ, ਤਿਉਂ ਤਿਉਂ ਇਹ ਮਨ ਪਰਚਦਾ ਗਿਆ। ਮਨ ਦੇ ਫੁਰਨੇ ਤੇ ਦੁਨੀਆ ਵਾਲੀਆਂ ਆਸਾਂ ਅਸਾਂ ਗੁਰੂ ਦੇ ਸ਼ਬਦ ਦੀ ਰਾਹੀਂ ਸਾੜੀਆਂ ਹਨ, ਗੁਰੂ ਦੇ ਸਨਮੁਖ ਹੋਇਆਂ ਹੀ ਇੱਕ-ਰਸ ਰੱਬੀ ਪ੍ਰਕਾਸ਼ ਲੱਭਾ ਹੈ। (ਇਸ ਰੱਬੀ

ਪ੍ਰਕਾਸ਼ ਦੀ ਬਰਕਤ ਨਾਲ) ਅਸਾਂ ਮਾਇਆ ਦੇ ਝਲਕੇ ਦੇ ਤਿੰਨਾਂ ਹੀ ਕਿਸਮਾਂ ਦੇ ਅਸਰ (ਤਮੋ, ਰਜੋ, ਸਤੋ) ਆਪਣੇ ਉਤੇ ਪੈਣ ਨਹੀਂ ਦਿੱਤੇ, ਤੇ (ਇਸ ਤਰ੍ਹਾਂ ਮਾਇਆ ਦੀ ਚੋਟ ਤੋਂ ਬਚਣ ਦਾ ਇਹ ਅੱਤਿ ਔਖਾ ਕੰਮ-ਰੂਪ) ਲੋਹਾ ਚੱਬਿਆ ਗਿਆ ਹੈ। (ਪਰ) ਹੇ ਨਾਨਕ ! (ਇਸ 'ਦੁਤਰ ਸਾਗਰ' ਤੋਂ) ਤਾਰਣ ਦੇ ਸਮਰੱਥ ਪ੍ਰਭੂ ਆਪ ਹੀ ਤਾਰਦਾ ਹੈ॥

ਕਿੰਨ੍ਹੇ ਕਮਾਲ ਦੀ ਗੱਲ ਹੈ ਕਿ ਆਪੇ ਤਾਂ ਮਹਾਰਾਜ ਮਨ ਦੀਆਂ ਇਛਾਵਾਂ ਦੇ ਖਾਤਮੇਂ ਦੀ ਗੱਲ ਕਰ ਰਹੇ ਹਨ ਤੇ ਦੂਜੇ ਪਾਸੇ ਅਸੀਂ ਉਹਨਾਂ ਦੇ ਹੀ ਮੂਹੋਂ ਇਹ ਕੁਫਰ ਵੀ ਕਢਵਾ ਰਹੇ ਹਾਂ। ਤਕਰੀਬਨ ਜਿਥੇ ਕਿਤੇ ਵੀ ਇਤਿਹਾਸਕ ਗੁਰਦੁਆਰੇ ਚਲੇ ਜਾਈਏ ਐਸਾ ਜਰੂਰ ਲਿਖਿਆ ਮਿਲ ਜਾਂਦਾ ਹੈ ਕਿ ਇਥੇ ਮਹਾਰਾਜ ਨੇਂ ਇਹ ਵਰ ਦਿੱਤਾ ਸੀ, ਇਥੇ ਆਹ ਵਰ ਦਿੱਤਾ ਸੀ। ਇਥੇ ਨਹਾਓ ਤਾਂ ਆਹ ਫਲ ਮਿਲੇਗਾ, ਇਹਦਾ ਪਾਣੀਂ ਪੀਓ ਤਾਂ ਫਲਾਣਾਂ ਫਲ ਮਿਲੇਗਾ। ਬਸ ਇਹਨਾਂ ਚੱਕਰਾਂ ਵਿੱਚ ਹੀ ਸਾਰੀ ਕੌਮ ਭੱਜੀ ਫਿਰਦੀ ਨਜਰ ਆ ਰਹੀ ਹੈ। ਮੁਹੱਲੇ ਦੇ ਗੁਰਦੁਆਰੇ ਭਾਂਵੇ ਅਸੀਂ ਕਦੇ ਨਾਂ ਗਏ ਹੋਈਏ ਪਰ ਜਿਥੇ ਇਹ ਪਤਾ ਲੱਗ ਜਾਵੇ ਕਿ ਉਥੇ ਜਾਣ ਨਾਲ ਸਾਡੇ ਮੁੰਡੇ ਬਾਹਰ ਚਲੇ ਜਾਣਗੇ, ਸਾਨੂੰ ਨੌਕਰੀ ਮਿਲ ਜਾਵੇਗੀ ਸਾਡੀਆਂ ਮਨੋਂ ਕਾਮਨਾਵਾਂ ਪੂਰੀਆਂ ਹੋ ਜਾਣਗੀਆਂ ਅਸੀਂ ਕਦੇ ਵੀ ਦੇਰ ਨਹੀਂ ਲਗਾਉਂਦੇ। ਕੀ ਅਸੀਂ ਉਹੀ ਸਿੱਖ ਹਾਂ ਜਿਹੜ੍ਹੇ ਕਦੇ ਗੁਰੂ ਨਾਨਕ ਸਾਹਿਬ ਜੀ ਨੇਂ ਸਾਜੇ ਸਨ। ਨਹੀਂ ਅਸੀਂ ਵਾਕਿਆ ਹੀ ਉਹ ਨਹੀਂ ਰਹੇ। ਸਦ ਅਫਸੋਸ ਹੈ ਸਾਡੀ ਸੋਚ ਦੇ। ਬਾਕੀ ਅਗਲੇ ਭਾਗ ਵਿੱਚ ਵਿਚਾਰਾਂਗੇ ਕਿ ਅਸੀਂ ਕਿਵੇਂ ਸਿੱਖੀ ਦਾ ਖੁਰਾ ਖੋਜ ਮਿਟਾ ਰਹੇ ਹਾਂ।

ਭਾਈ ਲਖਵਿੰਦਰ ਸਿੰਘ ਗੰਭੀਰ (ਕਥਾਵਾਚਕ)

ਮੋ: **098721-18848**

**094633-65150**